**ੴ ਸੇਤਿਗੁਰ ਪ੍ਰਸਾਦਿ ॥**

**ਕਹੈ ਪ੍ਰਭੁ ਅਵਰੁ ਅਵਰ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭ ਲੀਓ ਸੁਗਾਨਿ ਥੂਕ ਮੁਖਿ ਪਈਆ ॥ ੭ ॥**

ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, 10 March --1997

ਵਾਹਿਗੁਰੂ ਜੀ ਕਾ ਖ਼ਾਲਸਾ, ਵਹਿਗੁਰੂ ਜੀ ਕੀ ਫ਼ਤਹਿ ॥

ਸਨਿਮਰ ਬੇਨਤੀ ਹੈ ਕਿ ਡੈਲਟਾ ਸਰੀ ਦੀਆਂ ਸੰਗਤਾਂ ਦੇ ਪ੍ਰਧਾਨ ਸਾਹਿਬ ਨੂੰ ਲਿਖਿਆ ਆਪ ਜੀ ਦਾ ਕ੍ਰਿਪਾ ਪੱਤਰ <u>੦ ੫/ A T/ ੯੭</u> ਸੰਗਤਾਂ ਨੇ ਪੜ੍ਹਿਆ ਹੈ । ਚੜ੍ਹਦੀ ਕਲਾ ਅਖ਼ਬਾਰ ਦੇ ੨੩ ਜਨਵਰੀ ਦੇ ਪਰਚੇ ਵਿਚ ਛਪੇ ਤੁਹਾਡੇ ਪੱਤਰ ਦੀ ਅਰੰਭਕ ਸਤਰ ਵਿਚ ਤੁਸਾਂ " ਸੁਨੇਹਾ " ਲਫ਼ਜ਼ ਵਰਿਤਆ ਹੋਇਆ ਹੈ । (ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੀ ਤਾਬਿਆ ਰਹਿ ਕੇ ਲਿਖੇ) ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੋਏ ਗੁਰਮਤਿ-ਪੱਤਰ ਵਿਚ ਇੱਕ ਤੋਂ ਵੱਧ ਵਾਰੀ ਵੀ " ਬੇਨਤੀ " ਲਫ਼ਜ਼ ਵਰਤਿਆ ਗਿਆ ਹੋਵੇ, ਗੁਰਸਿੱਖਾਂ ਲਈ ਉਹ ਫਿਰ ਵੀ " ਸ਼ਾਹੀ ਫ਼ੁਰਮਾਨ " ਹੀ ਹੁੰਦਾ ਹੈ । ਗ਼ਲਤ ਫਹਿਮੀ ਪੈਦਾ ਹੋ ਜਾਣ ਦੀ ਜਾਂ ਵਿਵਾਦ ਖੜਾ ਹੋਣ ਦੀ ਸੰਭਾਵਣਾ ਉਥੇ ਬਣਦੀ ਹੈ ਜਿੱਥੇ ਕ੍ਰੋਧ ਅਤੇ ਹੰਕਾਰ ਗ੍ਰਸੀ ਮਨਮਤ ਪ੍ਰਧਾਨ ਬਣ ਖਲੋਂਦੀ ਹੈ । ਜਦੋਂ ਗੁਰਮਤਿ ਦੇ ਇਸ ਪਵਿਤੱਰ ਉਪਦੇਸ਼--**ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ ॥** [੩੮੩] ਅਥਵਾ--**ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥**[੨੩੭] ਦੀ ਭਾਵਣਾ ਤੋਂ ਉਲਟ, ਜੇ ਪੱਖ ਪਾਤ ਦੀ ਰੁਚੀ ਆ ਵੜੇ ਤਾਂ ਪਦਵੀ ਦੀ ਸਰਬ-ਉੱਚਤਾ ਵਾਲੀ ਪਾਵਨਤਾ ਖ਼ਤਰੇ ਵਿਚ ਪੈ ਜਾਣੀ, ਅਸੰਭਵ ਨਹੀਂ ਰਹਿ ਜਾਂਦੀ । ਜੇ ਆਪ ਜੀ ਦੇ ਪੱਤਰ ਤੋਂ, ਡੇਰਾਵਾਦ ਦੇ ਭਗਤਾਂ ਅਥਵਾ ਸਿੱਖ ਰਹਿਤ ਮਰਯਾਦਾ ਦੇ ਵਿਰੋਧੀ ਫ਼ਸਾਦੀਆਂ ਵਿਚ ਭੜਕਾਹਟ ਪਾ ਕੇ ਪੰਥਕ ਮਰਯਾਦਾ ਦੇ ਢੰਡੋਰਚੀ, ਅਮਨ ਪਸੰਦ ਗੁਰਸਿੱਖ ਪਰਵਾਰਾਂ ਦੀ ਜਾਨ ਅਤੇ ਮਾਲ ਲਈ ਗੰਭੀਰ ਖ਼ਤਰਾ ਬਣ ਖਲੋਤਾ ਹੋਵੇ ਤਾਂ ਸ਼ੰਕਾ ਬਣ ਜਾਣਾ ਗ਼ੈਰ-ਕੁਦਰਤੀ ਨਹੀਂ ਹੈ, ਕਿ ਆਪ ਜੀ ਦਾ ਵਿਉਹਾਰ ਸ਼ਾਇਦ ਆਪ ਜੀ ਦੀ ਪਦਵੀ ਦੇ ਅਨਕੂਲ ਨਹੀ ਹੀਂ ਹੈ ?

ਨਿਆਂ ਲਈ ਹਾਲ ਦੁਹਾਈ ਮਚਾਉਣ ਤੋਂ ਪਹਿਲਾਂ, (ਦੋਇ ਕਰ ਜੋੜਿ, ਖਿਮਾ ਦੇ ਘਰ ਵਿਚ ਰਹਿਣ ਦੀ ਜੋਦੜੀ ਕਰਦਿਆਂ ਹੋਇਆ) ਨਿਮਰਤਾ ਸਹਿਤ ਗੁਰੂ ਇਤਿਹਾਸ ਦੇ ਉਸ ਪੱਖ ਵੱਲ ਧਿਆਨ ਦਿਵਾਉਂਣ ਦੀ ਗੁਸਤਾਖ਼ੀ ਕਰ ਰਹੇ ਹਾਂ ਜਿਸ ਦੀ ਪ੍ਰਸਿੱਧ ਸਾਖੀ ਤੋਂ ਗੁਰਸਿੱਖਾਂ ਨੂੰ ਅਜੇਹੇ ਫ਼ਰਿਆਦ-ਪੱਤਰ ਲਿਖਣ ਦੀ ਦਲੇਰੀ ਮਿਲਦੀ ਹੈ। ਇਹ ਸਾਖੀ ਉਸ ਅਨੂਪਮ **ਸਾਕੇ** ਨਾਲ ਸੰਬੰਧਤ ਹੈ, ਜੋ ਸ੍ਰੀ ਦਸ਼ਮੇਸ਼ ਪਿਤਾ ਜੀ ਨੇ, ਦਾਦੂ ਜੀ ਦੀ ਕਬਰ ਵਲ ਆਪਣਾ ਤੀਰ ਝੁਕਾ ਕੇ ਵਰਤਾਇਆ ਸੀ । ਜਿਸ ਤੋਂ ਪੰਥ ਨੂੰ ਉਪਦੇਸ਼ ਬਖ਼ਸ਼ਿਆ ਸੀ ਕਿ ਗੁਰਮਤਿ ਦੀ ਖੰਡਨਾਂ ਕਰਨ ਵਾਲਾ ਭਾਵੇਂ ਕਿੱਡੀ ਵੀ ਵੱਡੀ ਸ਼ਖ਼ਸ਼ੀਅਤ ਦਾ ਮਾਲਕ ਹੋਵੇ ਉਸ ਨੂੰ ਵੀ ਤਨਖਾਹੀਆ ਘੋਸ਼ਤ ਕਰਨ ਵਿਚ ਝਿਜਕ ਨਾ ਮੰਨੀ ਜਾਵੇ? ਸਾਡੇ ਕਰਮ ਵਾਰ ਸ਼ਿਕਵਿਆਂ ਦੀ ਰੂਪ ਰੇਖਾ ਇਸ ਪ੍ਰਕਾਰ ਹਨ:--

੧) ਆਪ ਜੀ ਦੀ ਚਿੱਠੀ ਦੇ ਅਰੰਭਕ ਬੋਲ--" ਫੈਕਸ ਰਾਹੀਂ ਤੁਹਾਡਾ ਪਾਵਨ ਉਪਦੇਸ਼ ਪ੍ਰਾਪਤ ਹੋਇਆ । ਮੈਨੂੰ ਲੱਗਦਾ ਹੈ ਕਿ ਤੁਸੀਂ ਕ੍ਰੋਧ ਅਤੇ ਈਰਖਾ ਦੀ ਅੱਗ ਵਿਚ ਪੂਰੀ ਤਰ੍ਹਾਂ ਸੜੇ ਹੋਏ ਹੋ ਵਰਨਾ ਤੁਸੀਂ ਮੇਰੀ ਨਿਮਰਤਾ ਨਾਲ ਕੀਤੀ ਬੇਨਤੀ ਨੂੰ " ਫ਼ੁਰਮਾਨ " ਦਾ ਨਾਮ ਨਾ ਦੇਂਦੇ । . . . <u>ਤੁਹਾਡੀ ਆਪਣੀ **ਮਨਮੁਖਤਾ ਵਾਲੀ ਤਰਕ ਦਲੀਲ** ਹੋ ਸਕਦੀ</u> ਹੈ । **ਗੁਰਮੁਖ** ਇਸ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾ ਸਕਦਾ ।

(ੳ) ਪ੍ਰਧਾਨ ਜੀ ਦੀ ਚਿਠੀ ਵਿਚੋਂ ਪਤਾ ਨਹੀਂ ਤੁਹਾਨੂੰ ਕ੍ਰੋਧ, ਈਰਖਾ ਅਗਨੀ ਅਤੇ ਮਨਮੁੱਖਤਾਈ ਆਦਿ ਸਾਰੇ ਅਵਗੁਣ ਕਿਥੋਂ ਨਜ਼ਰ ਆ ਗਏ ? ਗੁਰਮੁਖ ਹੰਸਾਂ ਦੀ ਨਜ਼ਰ (**ਹੰਸਾਂ ਹੀਰਾ ਮੋਤੀ ਚੁਗਨਾ** ) ਸਦਾ ਸ਼ੁੱਭ ਗੁਣਾ ਤੇ ਪੈਣੀ ਲੋੜੀਏ । ਆਪ ਜੀ ਦੇ ਉਪ੍ਰੋਕਤ ਬਚਨ ਤੋਂ ਮਨ ਨੂੰ ਕਿਸ ਦਲੀਲ ਨਾਲ ਸਮਝਾਇਆ ਜਾ ਸਕਦਾ ਹੈ ਕਿ ਇਹ ਬਚਨ ਕ੍ਰੋਧ, ਈਰਖਾ ਅਤੇ ਹਉਮੇ ਤੋਂ ਰਹਿਤ ਹਨ ? ਕੀ ਅਜੇਹੇ ਬਚਨ ਉਸੇ ਮਹਾਨ ਗੁਰਮੁਖ ਹਸਤੀ ਦੇ ਹਨ ਜਿਸ ਨੂੰ ਸਤਿਗੁਰਾਂ ਦੇ ਇਨ੍ਹਾਂ ਫ਼ੁਰਮਾਨਾ ਦਾ ਪੂਰਾ ਗਿਆਨ ਨਾ ਹੋਣਾ ਕੋਮੀ ਬਦਕਿਸਮਤੀ ਬਣ ਸਕਦੀ ਹੈ--**ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥**[੪੪]--**ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ ॥** [੧੨੨੩] ਪਦਾਰਥਾਂ ਦੀ ਕਾਮਨਾ, ਗੁੱਸਾ, ਲੋਭ, ਈਰਖਾ ਚੁਗ਼ਲੀ ਆਦਿ ਅਵਗੁਣ ਤਾਂ ਆਪ ਜੀ ਦੀ ਪਾਵਨ ਪਦਵੀ ਦਾ ਸੰਗ ਕਰਨ ਵਾਲਿਆਂ ਵਿਚ ਰਹਿ ਹੀ ਨਹੀਂ ਸਕਦੇ ?--ਕ੍ਰੋਧ ਪ੍ਰਥਾਇ ਪੰਚਮ ਪਾਤਸ਼ਾਹੀ ਦਾ ਇਹ ਫ਼ੁਰਮਾਨ---**ਹੇ ਕਲਿ ਮੂਲ ਕ੍ਰੋਧੰ, ਕਦੰ ਚ ਕਰੁਣਾ ਨ ਉਪਰਜਤੇ ॥ ਬਿਖਯੰਤ ਜੀਵੰ ਵਸ੍ਹੰ ਕਰੋਤਿ, ਨਿਰੰਤ੍ਯ ਕਰੋਤਿ ਜਥਾ ਮਰਕਟਹ ॥ ਅਨਿਕ ਸਾਸਨ ਤਾੜੰਤਿ ਜਮ ਦੂਤਹ ॥ ਤਵ ਸੰਗੇ ਅਧਮੰ ਨਰਹ ॥ ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ, ਸਰਬ ਜੀਅ ਰਖ੍ਯਾ ਕਰੋਤਿ ॥ ੪੭ ॥** {ਆਖ਼ਬਾਰਾਂ ਨੂੰ ਭੇਜੀ ਜਾਣ ਵਾਲੇ ਉਤਾਰੇ ਵਿਚ ਇਸ ਪਾਵਨ ਸ਼ਬਦ ਦੇ ਅਰਥ ਲਿਖ ਦਿੱਤੇ ਜਾਣਗੇ ਜੀ} ----**ਇਕ ਫਿਕਾ ਨਾ ਗਲਾਇ ਸਭਨਾ ਮੈ ਸਚਾ ਧਨੀ ॥** [੧੩੮੪] --**ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥** [੫੯੩] ਅਤੇ ਫਿਰ ਇਹ ਗੁਰੂ ਫ਼ੁਰਮਾਨ-- **ਅਨ ਰਸ ਰਾਤੀ ਰਸਨਾ ਫੀਕੀ ਬੋਲੇ, ਹਰਿ ਰਸੁ ਮੂਲਿ ਨ ਤਾਹਾ ਹੇ ॥** [੧੦੫੮]

(ਅ) ਜੇ ਪ੍ਰਧਾਨ ਜੀ ਨੇ ਰਹਿਤ ਮਰਯਾਦਾ ਦੀ ਧਾਰਾਂ ਤੋਂ ਕੁਰਸੀਆਂ ਤੇ ਬੈਠਣ ਦੀ ਮਨਾਹੀ ਵਾਲੀ ਪਾਬੰਦੀ ਨਹੀਂ ਵੇਖੀ ਤਾਂ ਤੁਸੀ ਮਰਯਾਦਾ ਦੇ ਕਿੰਨ੍ਹਾਂ ਲਫ਼ਜ਼ਾਂ ਤੋਂ ਕੇਵਲ ਅਤੇ ਕੇਵਲ ਧਰਤੀ ਤੇ ਬੈਠ ਕੇ ਲੰਗਰ ਛਕਣ ਦੀ ਪਾਬੰਦੀ ਲਾਗੂ ਕਰ ਰਹੇ ਹੋ ?

(ੲ) ਫਿਰ ਆਪ ਜੀ ਨੇ ਸਿੱਖ ਰਵਾਇਤ ਦਾ ਅਥਵਾ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਲੰਗਰ ਵਿਚ ਬੈਠ ਕੇ ਲੰਗਰ ਛਕਣ ਵਾਲੇ ਇਤਿਹਾਸਕ ਸਾਕੇ ਵੱਲ ਸੰਕੇਤ ਕੀਤਾ ਹੈ । ਉਸ ਤੋਂ ਗੁਰੂ ਦੇ ਲੰਗਰ ਦੀ ਰਾਵਾਇਤ ਦਾ ਇਹ ਪੱਖ ਵੀ ਤੁਸਾਂ ਆਪ ਹੀ ਸਪੱਸ਼ਟ ਕੀਤਾ ਹੈ ਕਿ ਗੁਰੂ ਕੇ ਲੰਗਰ ਦਾ ਪ੍ਰਸ਼ਾਦ ਅਕਬਰ ਦੇ ਸ਼ਾਹੀ ਖ਼ੇਮੇ ਵਿਚ ਨਹੀਂ ਸੀ ਪੁਚਾਇਆ ਗਿਆ, ਸਗੋਂ ਹਿੰਦ ਦੇ ਸ਼ਕਤੀ-ਸ਼ਾਲੀ ਸਮਰਾਟ ਨੂੰ ਪੰਗਤ ਵਿਚ ਬੈਠੇ ਗ਼ਰੀਬਾਂ ਨਾਲ, ਉਸੇ ਪੱਧਰ ਤੇ ਹੀ ਬੈਠ ਕੇ, ਪ੍ਰਸ਼ਾਦ ਛਕਣ ਦੀ ਪਾਬੰਦੀ ਨਿਭਾਉਣੀ ਪਈ ਸੀ । ਕੀ ਤੁਸੀ ਇਨਕਾਰ ਕਰ ਸਕਦੇ ਹੋ ਕਿ ਗੁਰੂ S.G.P.C. ਦੇ ਸਨਮਾਨਜੋਗ Members ਲਈ, ਪ੍ਰਧਾਨ ਸਾਹਿਬ ਲਈ ਅਥਵਾ ਹੋਰ ਬੇਅੰਤ ਉੱਘੇ ਜਥੇਦਾਰਾਂ ਦੇ ਸੰਗੀ ਸਾਥੀਆਂ ਲਈ, ਗੁਰੂ ਰਾਮਦਾਸ ਸਾਹਿਬ ਦੇ ਲੰਗਰ ਵਿਚ ਬਣੇ ਸਾਂਝੇ ਭੋਜਨ ਨੂੰ ਉਚੇਚੇ ਤੜਕੇ ਲੱਗ ਕੇ ਉਨ੍ਹਾਂ ਦੇ ਕਮਰਿਆਂ ਵਿਚ ਨਹੀਂ ਪੁੱਜਦਾ ? ਕੀ ਗੁਰੂ ਰਾਮਦਾਸ ਸਾਹਿਬ ਜੀ ਦੇ ਲੰਗਰ ਦਾ ਪ੍ਰਸ਼ਾਦ ਘਰਾਂ, ਸਰਾਵਾਂ, ਦਫ਼ਤਰਾਂ ਆਦਿ ਵਿਚ ਮੰਜਿਆਂ ਕੁਰਸੀਆਂ ਤੇ ਬੈਠ ਕੇ ਨਹੀਂ ਛਕਿਆ ਜਾਂਦਾ ? ਕੀ ਤੁਸੀ ਸਦਾ ਲੰਗਰ ਵਿਚ ਬੈਠ ਕੇ ਹੀ ਪ੍ਰਸ਼ਾਦ ਛਕਦੇ ਹੋ ? ਪੱਕੀ ਆਸ ਹੈ ਕਿ ਤੁਸੀ ਵਹਿਗੁਰੂ ਦੇ ਸ਼ੁਕਰਾਨੇ ਉਪ੍ਰੰਤ ਹੀ ਸਦਾ ਪਰਸ਼ਾਦ ਛਕਦੇ ਹੋ, ਫਿਰ ਕੀ ਤੁਸੀ ਜੋ ਕੁਝ ਵੀ ਅਤੇ ਜਿੱਥੇ ਕਿਤੇ ਵੀ ਛਕਦੇ ਹੋ, ਉਹ ਗੁਰੂ ਦਾ ਲੰਗਰ ਨਹੀਂ ਹੁੰਦਾ ਜੀ? ਕੀ ਤੁਸੀ ਆਪਣੇ ਉਹ ਦਿਨ ਯਾਦ ਕਰਨ ਦੀ ਖੇਚਲ ਕਰੋਗੇ ਜਦ ੧੯੮੩ ਵਿਚ ਖ਼ਤਰਨਾਕ ਹਥਿਆਰਾਂ ਨਾਲ ਸਸ਼ਤਰ, ਜ਼ਾਲਮ ਨਿਰੰਕਾਰੀ ਮੁਖੀ ਨੂੰ ਸਿੰਘਾਂ ਵਾਂਗ ਲਲਕਾਰਨ ਉਪ੍ਰੰਤ, ਸਨਮੁਖ ਜੂਝ ਕੇ ਫਤਹਿ ਪਾਈ ਸੀ । ਤੁਹਾਨੂੰ

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

ਚੰਗੀ ਤਰ੍ਹਾਂ ਯਾਦ ਹੋਣਾ ਹੈ ਕਿ ਪੰਥ ਵਿਰੋਧੀ ਨਿਰੰਕਾਰੀ ਪਰਚਾਰ ਨੂੰ ਸਦਾ ਲਈ ਬੰਦ ਕਰ ਦੇਣ ਵਾਲੀ ਪ੍ਰਾਪਤ ਕੀਤੀ ਸਫ਼ਲਤਾ ਵਾਲੀ ਮਹਾਨ ਪੰਥਕ ਸੇਵਾ ਦੇ ਬਦਲੇ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਤੁਹਾਨੂੰ ਸੋਨੇ ਨਾਲ ਤੋਲਣ ਵਾਲਾ " ਅਟਲਾਧਾ ਸਾਧ ਬਚਨ " ਕੀਤਾ ਸੀ । ਤੁਹਾਨੂੰ ਇਹ ਵੀ ਯਾਦ ਆ ਗਿਆ ਹੋਣਾ ਹੈ ਕਿ ਫਿਰ ਜਦ ਤਸੀਂ ਇਹ ਇਨਾਮ ਲੈਣ ਲਈ ਗੁਰੂ ਨਾਨਕ ਨਿਵਾਸ ਵਿਚ ਠਹਿਰੇ ਹੋਏ ਕੰਧ ਵੱਲ ਮੂੰਹ ਕਰਕੇ ਗੁਟਕੇ ਤੋਂ ਪਾਠ ਕਰਨ ਵਿਚ ਮਘਨ ਰਹਿੰਦੇ ਸਾਉ, ਉਸ ਸਮੇ ਕੀ ਤੁਸੀ ਲੰਗਰ ਵਿਚ ਬੈਠ ਕੇ ਹੀ ਪ੍ਰਸ਼ਾਦ ਛਕਿਆ ਕਰਦੇ ਸੀ ? ਫਿਰ ਜਦ ਤੁਸੀ ਬਾਬਾ ਜਰਨੈਲ ਸਿੰਘ ਜੀ ਤੋਂ ਆਪਣੇ ਤੋਲ ਦਾ ਸੋਨਾ ਲੈ ਸਕਣ ਦੀ ਆਸ ਛੱਡ ਕੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਾ ਠਹਿਰੇ ਸਉ ਤਾਂ ਕੀ ਉਸ ਸਮੇ ਵੀ ਤੁਸੀਂ ਲੰਗਰ ਦਾ ਪ੍ਰਸ਼ਾਦਾ ਪੰਗਤ ਵਿਚ ਧਰਤੀ ਤੇ ਬੈਠ ਕੇ ਹੀ ਛਕਦੇ ਹੁੰਦੇ ਸਾਉ ?

ਸ਼ਾਇਦ ਆਪ ਜੀ ਨੂੰ ਯਾਦ ਹੀ ਹੋਵੇ ਕਿ ੧੯੮੩ ਵਿਚ ਭਿੰਡਰਾਂ ਵਾਲਿਆਂ ਦਾ ਜਥਾ ਗੁਰੂ ਕੇ ਲੰਗਰ ਵਿਚੋਂ ਟੋਕਰੇ ਭਰ ਕੇ, ਗੁਰੂ ਨਾਨਕ ਨਿਵਾਸ ਦੀ ਧੁਰ ਉਤਲੀ ਛੱਤ ਤੇ ਲੈ ਜਾ ਕੇ, ਗੁਰੂ ਰਾਮਦਾਸ ਜੀ ਦੇ ਲੰਗਰ ਤੋਂ ਅਥਵਾ ਸ੍ਰੀ ਹਰਮੰਦਰ ਸਾਹਿਬ ਤੋਂ ਕਰੀਬ ੧੦੦ ਫੁੱਟ ਉਚੇ ਥਾਂ ਬੈਠ ਕੇ ਛਕਿਆ ਕਰਦਾ ਸੀ । ਤੁਹਨੂੰ ਚੰਗੀ ਤਰ੍ਹਾਂ ਯਾਦ ਆ ਗਿਆ ਹੋਣਾ ਹੈ ਜਥੇ ਦੇ ਕਈ ਸਿੰਘ ਕਮਰਿਆਂ ਵਿਚ ਰਖੀਆਂ ਮੰਜੀਆਂ ਕੁਰਸੀਆਂ ਤੇ ਬੈਠ ਕੇ ਵੀ ਲੰਗਰ ਛਕਿਆ ਕਰਨ ਨੂੰ ਗੁਰਮਤਿ ਮਰਯਾਦਾ ਹੀ ਸਮਝਿਆ ਕਰਦੇ ਸਨ । ਕੀ ਅਖੰਡ ਕੀਰਤਨੀ ਜਥੇ ਵਿਚੋਂ, ਗੁਰੂ ਰਾਮਦਾਸ ਸਰਾਂ ਦੇ ਕਮਰਿਆਂ ਵਿਚ, ਮੰਜਿਆਂ ਤੇ ਬੈਠ ਕੇ ਗੁਰੂ ਦਾ ਲੰਗਰ ਕੋਈ ਨਹੀਂ ਸੀ ਛਕਦਾ ? ਕੀ ਆਪ ਜੀ ਨੂੰ ਸਤਿਗੁਰਾਂ ਦਾ ਇਹ ਫ਼ੁਰਮਾਨ ਵੀ ਭੁੱਲ ਗਿਆ--**ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥** [੩੬੯]---**ਅਵਰ ਉਪਦੇਸੈ ਆਪਿ ਨਾ ਬੂਝੈ ॥ ਐਸਾ ਬ੍ਰਾਹਮਣੁ ਕਹੀ ਨਾ ਸੀਝੈ ॥ ੩ ॥** [੩੭੨] ਲੰਗਰ ਦੀ ਮਰਯਾਦਾ ਬਾਰੇ ਅਸਾਂ ਜੋ ਲੇਖ ਲਿਖਆ ਹੈ ਉਹ ਵੀ ਆਪ ਜੀ ਦੀ ਸੇਵਾ ਵਿਚ ਭੇਜ ਰਹੇ ਹਾਂ । ਸ਼ੇਖ ਸਾਅਦੀ ਨੂੰ (ਫ਼ਾਰਸੀ ਭਾਸ਼ਾ ਚ) ਪੁਛਿਆ ਸੀ ਕਿ, " ਅਕਲ ਅਜ਼ ਕਿਹ ਆਮੋਖ਼ਤੀ ? " ਉਸ ਨੇ ਉਤਰ ਦਿੱਤਾ ਸੀ " ਅਜ਼ ਬੇ ਅਕਲਾਂ " । ਕਦੇ ਮੂਰਖ ਵੀ ਚੰਗੀ ਗੱਲ ਕਰ ਦਿਆ ਕਰਦੇ ਹਨ । ਉਨ੍ਹਾਂ ਦੀ ਵੀ ਸੁਣ ਲੈਣੀ ਹੱਤਕ ਨਹੀਂ ਹੁੰਦੀ । ਇਹ ਗੁਰੂ-ਫ਼ੁਰਮਾਨ---**ਮੂਰਖੁ ਸਿਆਣਾ ਏਕੁ ਹੈ, ਏਕੁ ਜੋਤਿ ਦੁਇ ਨਾਉ ॥** [੧੦੧੫] ਕਿਹੜਾ ਤੁਹਾਥੋਂ ਭੁੱਲਾ ਹੋਇਆ ਹੈ ।

(ਸ) ਪ੍ਰਧਾਨ ਜੀ ਨੇ ਤਾਂ ਸਰਬ ਸਾਂਝੇ ਗੁਰਮੁਖਿ ਨਿਆਂ-ਕਾਰ ਸਮਝ ਕੇ, " ਸੱਚਾ ਨਿਆਉਂ " ਮਿਲਣ ਦੇ ਪੂਰੇ ਵਿਸ਼ਵਾਸ਼ ਨਾਲ ਬੇਨਤੀ ਪੱਤਰ ਤੁਹਾਡੀ ਸੇਵਾ ਵਿਚ ਭੇਜਿਆ ਸੀ ਪਰ ਆਪ ਜੀ ਨੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਲਾਗੂ ਕਰਨ ਲਈ ਜੂਝ ਰਹੀ ਸੰਗਤਿ ਦੇ ਭਰੋਸੇ ਅਤੇ ਵਿਸ਼ਵਾਸ਼ ਤੋਂ ਉਲਟ, ਉਹ ਚਿਠੀ ਉਨ੍ਹਾਂ ਵੱਲ ਭੇਜ ਦਿੱਤੀ ਜਿਹੜੇ ਸਦਾ ਉਨ੍ਹਾਂ ਦੀ ਸਹਾਇਤਾ ਵਿਚ ਤਤਪਰ ਰਹਿੰਦੇ ਹਨ ਜੋ ਗੁਰਮਤਿ-ਦਲੀਲ ਸੁਣ ਲੈਣ ਨਾਲੋ ਗੋਲੀ ਦੀ ਬੋਲੀ ਬੋਲਣ ਲਈ ਕਾਹਲੇ ਪਏ ਹੁੰਦੇ ਹਨ । ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਹਾਸੋ-ਹੀਣੀ ਸਿੱਧ ਕਰਨ ਵਾਲੇ ਸਾਧ ਡੇਰਾਵਾਦੀਆਂ ਦੀ ਏਜੰਟੀ ਕਰਨ ਨੂੰ ਸਿੱਖੀ ਧਰਮ ਮੰਨ ਬੈਠੇ ਹੋਏ ਹਨ । ਜਿਹੜੇ ਝੂਠ ਬੋਲ ਕੇ ਕੰਮ ਕੱਢ ਲੈਣ ਨੂੰ ਸਿਆਣਪ ਕਹਿੰਦੇ ਹਨ । ਪਰ ਜਿਨ੍ਹਾਂ ਏਥੋਂ ਦੇ ਝਗੜੇ ਦੀ ਸਹੀ ਤਸਵੀਰ ਤੁਹਾਡੇ ਪੇਸ਼ ਕਰਨ ਦੀ ਦਲੇਰੀ ਕੀਤੀ ਤੁਸਾਂ ਉਨ੍ਹਾਂ ਨੂੰ ਹੀ **ਮਨਮੁਖ ਅਤੇ ਈਰਖਾ ਵਿਚ ਸੜੇ** ਲਿਖ ਕੇ, ਅੱਤ ਵਾਦੀ ਰੁਚੀਆਂ ਵਾਲਿਆਂ, ਧੱਕੇ ਖੋਰ ਜਾਬਰਾਂ ਨੂੰ **ਗੁਰਮੁਖ** ਲਿਖਿਆ । ਏਥੇ ਹੀ ਬੱਸ ਨਹੀਂ ਤੁਸਾਂ ਸਾਨੂੰ ਭੇਜਣ ਤੋਂ ਪਹਿਲਾਂ ਆਪਣੀ ਚਿੱਠੀ ਦੂਜੇ ਧੜੇ ਕੋਲ ਪੁਚਾ ਦਿਤੀ । ਜਿਸ ਦਾ ਹੀ ਨਤੀਜਾ ਹੈ ਕਿ ਉਨ੍ਹਾਂ ਨੇ ੨੫ ਜਨਵਰੀ ਦੀ ਸ਼ਾਮ, ਸਕੂਲ ਦੇ ਹਾਲ ਵਿਚ ਮੀਟੰਗ ਕਰਕੇ ਬੜੀਆਂ ਭੜਕਾਊ ਤਕਰੀਰਾਂ ਕਰਦੇ ਸਮੇ ਆਪ ਜੀ ਦੀ ਛਿੱਠੀ ਨੂੰ ਸ੍ਰੀ ਅਕਾਲ ਤਖ਼ਤ ਤੋਂ ਆ ਗਏ ਹੁਕਮਨਾਮ ਦੱਸ ਕੇ, ਅਤੇ ਸਾਡੀ ਚਿੱਠੀ (ਜੋ ਵੀ ਤੁਸਾਂ ਚੁਣਵੇਂ ਬਚਨਾਂ ਦੇ ਹੇਠਾਂ ਲਕੀਰ-ਨਿਸ਼ਾਨ ਲਾ ਕੇ ਉਨ੍ਹਾਂ ਦੇ ਵਿਰੋਧੀਆਂ ਕੋਲ ਹੀ ਭੇਜ ਦਿਤੀ ਹੋਈ ਸੀ) ਨੂੰ ਤੁਹਾਡੇ ਵਲੋਂ ਠੁੱਡੇ ਮਾਰ ਕੇ ਮੁੜੀ ਹੋਣ ਦੀ ਸਕਲ ਵਿਚ, ਦੋਵੇਂ ਪੱਤਰਾਂ ਦੇ ਉਤਾਰੇ ਆਮ ਲੋਕਾਂ ਤਕ ਪੁਚਾਏ । ਆਪ ਜੀ ਵਲੋਂ ਹੋਈ ਉਚੇਚੀ ਕਿਰਪਾ ਤੋ ਉਤੇਜਤ ਹੋ ਕੇ, ਜੋਸ਼ ਵਿਚ ਆਏ ਬੁਲਾਰੇ ਸਾਨੂੰ **" ਮੱਸੇ ਰੰਗੜ "** ਕਹਿ ਕੇ ਖ਼ਤਮ ਕਰ ਦੇਣ ਦਾ ਜੋਸ਼ ਸਰੋਤਿਆਂ ਵਿਚ ਭਰਦਿਆਂ, ਜੈਕਾਰਿਆਂ ਵਿਚ ਮਤੇ ਪਾਸ ਕਰ ਰਹੇ ਸਨ । ਸਖ਼ਤ ਖਤਰਾ ਅਨੁਭਵ ਕਰਕੇ ਸਾਰੀ ਪੁਲੀਸ ਚੌਕੰਨੀ ਹੋਈ ਜੇ ਗਲੀਆਂ ਵਿਚ ਦਰਸ਼ਨ ਨਾ ਦੇ ਰਹੀ ਹੁੰਦੀ, ਤਾਂ ਆਪ ਜੀ ਵਲੋਂ ਆਏ ਉਪ੍ਰੋਕਤ ਪੱਤਰਾਂ ਨੇ ਪਤਾ ਨਹੀਂ ਕਿਨੀਆਂ ਮਾਵਾਂ ਨੂੰ ਨਿਪੁੱਤੀਆਂ ਅਤੇ ਕਿੰਨੀਆਂ ਸੁਹਾਗਣਾ ਨੂੰ ਰੰਡਿਡੀਆਂ ਕਰ ਦੇਣਾ ਸੀ ?

(ਹ) ਹੈਰਾਨੀ ਹੈ ਕਿ ਪ੍ਰਧਾਨ ਸਾਹਿਬ ਦੀ ਚਿੱਠੀ ਦੇ ਉਹ ਥਾਂ ਵਿਚਾਰ ਅਧੀਨ ਲਿਆਉਣ ਲਈ Underline ਨਹੀਂ ਕੀਤੇ ਗਏ ਜਿਨ੍ਹਾਂ ਵਿਚ ਫਿਸਾਦੀ ਧੜੇ ਵਲੋਂ ਗੁਰੂ ਘਰਾਂ ਵਿਚ ਚਾਲਾਈ ਜਾ ਰਹੀ ਬਿਪ੍ਰਨ ਕੀ ਰੀਤ ਦਾ ਵੇਰਵਾ ਦਿੱਤਾ ਹੋਇਆ ਸੀ । ਤੁਸਾਂ ਕੇਵਲ ਉਨ੍ਹਾ ਬੋਲਾਂ ਹੇਠ ਲਕੀਰਾਂ ਮਾਰੀਆਂ ਜਿਹੜੇ ਕੇਵਲ ਲੰਮੇ ਸਮੇਂ ਤੋਂ ਵਿਦੇਸ਼ੀ ਭਾਸ਼ਾ ਬੋਲਦੇ ਰਹਿਣ ਦੇ ਕਾਰਨ, ਪੰਜਾਬੀਅਤ ਦੀ ਮਿਠਾਸ ਤੋਂ ਅਥਵਾ ਜੀ-ਹਜ਼ੂਰੀਏ ਗੁਲਾਮਾਂ ਵਾਲੀ ਬੋਲੀ ਤੋਂ ਹੀਣੇ ਸਨ, ਜਾਂ ਜਿਨ੍ਹਾਂ ਤੋਂ ਸਾਡੇ ਵਿਰੋਧੀਆਂ ਦੇ ਮਨਾ ਵਿਚ ਭੜਕਾਹਟ ਆ ਸਕਦੀ ਸੀ । ਆਪ ਜੀ ਨੂੰ ਪਤਾ ਹੈ ਕਿ ਖ਼ਰੂਦੀ ਸੁਭਾ ਵਾਲਿਆਂ ਨੇ ਚੰਗ਼ੀ ਗੱਲ ਵੱਲ ਧਿਆਨ ਦੇਣ ਦੇ ਥਾਂ " ਭੈੜ " ਹੀ ਪਸੰਦ ਕਰਨਾ ਹੁੰਦਾ ਹੈ--**ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥** [੧੩੬੯]

੨- ਲੰਗਰ ਸੰਬੰਧੀ ਗੁਰਮਤਿ ਮਰਯਾਦਾ ਬਾਰੇ ਅਸਾਂ ਆਪਣੀ ਤੁੱਛ ਬੁੱਧੀ ਅਨੁਸਾਰ ਗੁਰਮਤਿ ਦਾ ਸਹੀ ਪੱਖ ਸਮਝ ਕੇ **ਜੋ ਕੀਆ ਸੋ ਮਨ ਕੀਆ** ਲੇਖ ਦੇ ਨਾਲ **" ਗੁਰੂ ਕਾ ਲੰਗਰ "** ਵੀ ਲੇਖ ਵੀ ਨਾਲ ਹੀ Fax ਕਰ ਰਹੇ ਹਾਂ । ਜੇ ਗੁਰਮਤਿ ਦੇ ਅਨਕੂਲ ਨਹੀਂ ਹੈ ਤਾਂ ਗੁਰਬਾਣੀ ਦੇ ਅਧਾਰ ਤੇ ਸੋਧ ਪੱਤਰ ਲਿਖ ਦਿਆਉ, ਅਸੀਂ ਸਿਰ ਮੱਥੇ ਤੇ ਮੰਨਾਗੇ ।

**ਸਾਡੇ ਅੰਤ੍ਰੀਵ ਹਿਰਦੇ ਵਿਚੋਂ ਨਿਕਲ ਰਹੀ ਫ਼ਰਿਆਦ ਅਥਵਾ ਪੁਕਾਰ ਹੈ ਕਿ ਜੇ ਤੁਸਾਂ ਵਿਰੋਧੀਆਂ ਵੱਲ ਕੋਈ ਤਾੜਨਾ ਪੱਤਰ ਨਾ ਭੇਜਿਆ ਅਤੇ ਸਾਡੇ ਕਿਸੇ ਸਾਥੀ ਦਾ ਕਤਲ ਹੋਇਆ ਜਾਂ ਕੋਈ ਜ਼ਖ਼ਮੀ ਹੋਇਆ, ਜਾਂ ਸਾਡੀ ਕਿਸੇ ਜਾਇਦਾਦ ਨੂੰ ਹਾਨੀ ਪੁੱਜੀ ਤਾਂ ਇਸ ਦੀ ਕੇਵਲ ਮਾਤ੍ਰ ਜਿੰਮੇਵਾਰੀ, ਸਿੰਘ ਸਾਹਿਬ ਰੰਣਜੀਤ ਸਿੰਘ ਜੀ, ਤੁਹਾਡੇ ਤੇ ਹੋਵੇਗੀ ।**

ਇਸ ਸਾਰੇ ਰੌਲੇ ਨੂੰ ਬੰਦ ਕਰਨਾ ਕੇਵਲ ਤੁਹਡੇ ਹੱਥ ਵਿਚ ਹੈ । ਵਿਰੋਧੀਆਂ ਵਿਚ ਆਈ ਭੜਕਾਹਟ ਮੱਠੀ ਕਰ ਦੇਣ ਦੀ ਮਿਹਰ ਕਰਕੇ, ਇਸ ਚਿੱਠੀ ਦੇ ਨਾਲ ਭੇਜੇ ਗਏ ਗੁਰਮਤਿ ਲੇਖਾਂ ਦੀ ਹਰ ਸਤਰ ਤੇ ਗੰਭੀਰਤਾ ਨਾਲ ਵਿਚਾਰ ਕਰਕੇ ਸਾਡੀ ਪੂਰੀ ਤਸੱਲੀ ਕਰਾਈ ਜਾਵੇ ਕਿ ਅਸੀਂ ਕਿਸ ਗੁਰਮਤਿ ਦਲੀਲ ਨਾਲ ਝੂਠੇ ਹਾਂ ਕਿ ਲੰਗਰ ਦੀ ਗੁਰਮਤਿ ਮਰਯਾਦਾ ਸਮਾਨਤਾ ਦੀ ਅਤੇ ਗ਼ਰੀਬ ਪ੍ਰਵਰਵਰੀ ਦੀ ਹੈ । ਪਰ ਕਿਸ ਢੰਗ ਨਾਲ ਅੰਨ ਪ੍ਰਸ਼ਾਦ ਨੂੰ ਪੇਟ ਵਿਚ ਪਾਇਆ ਜਾਂਦਾ ਹੈ, ਇਸ ਬਾਰੇ ਮਰਯਾਦਾ ਬਣਨੀ ਸਮੇ ਅਤੇ ਦੇਸ਼ ਦੇ ਰਿਵਾਜ ਦੇ ਅਨੁਸਾਰ ਹੈ । ਕਿਸੇ ਅਜੇਹੀ ਮਰਯਾਦਾ ਨੂੰ ਧਰਮ ਦਾ ਅੰਗ ਮੰਨਣਾ ਕਰਮਕਾਂਡ ਹੈ, ਡੇਰਾਵਾਦੀਆਂ ਦਾ ਭਰਮ ਜਾਲ ਹੈ, ਬਿੱਪ੍ਰਨ ਕੀ ਰੀਤ ਹੈ। ਤ੍ਰਿਸੀਂ ਗੁਰਬਾਣੀ ਸ਼ਬਦਾਂ ਦੇ ਪ੍ਰਮਾਣਾ ਨਾਲ ਗੁੰਦਿਆ ਹੋਇਆ ਜਿਹੜਾ ਹੁਕਮਨਾਮਾ ਭੇਜੋਗੇ ਉਸ ਨੂੰ ਅਸੀਂ ਸਤਿਗੁਰਾਂ ਦਾ ਨਿੱਜੀ ਫ਼ੁਰਮਾਨ ਜਾਣਕੇ ਉਸ ਦੀ ਪਾਲਣਾ ਕਰਨੀ ਧੰਨਭਾਗ ਸਮਝਾਂਗੇ । ਪਰ ਗੁਰਬਾਣੀ ਦੀ ਸੇਧ ਤੋਂ ਬਿਨਾ ਮਨ ਦੀ ਮਤ ਨਾਲ ਲਿਖਿਆ ਨਾਦਰ ਸ਼ਾਹੀ ਹੁਕਮ ਮੰਨ ਲੈਣ ਨਾਲੋਂ ਪੁਰਜਾ ਪੁਰਜਾ ਹੋ ਕੇ ਮਰ ਜਾਣਾ ਹਜ਼ਾਰ ਦਰਜੇ ਚੰਗਾ ਹੋਵੇਗਾ ।

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾ.ਗ ਸੇ**

੫- ਹੇਠ ਨੱਥਿਆ, ਮਾਸ ਨਾ ਖਾਣ ਬਾਰੇ ਤੁਹਾਡਾ ਫ਼ੁਰਮਾਨ ਪੜ੍ਹਨ ਉਪ੍ਰੰਤ ਉਪਜੇ ਸ਼ੰਕੇ ਪੇਸ਼ ਹਨ । ਆਪ ਜੀ ਵਲੋਂ ਸਪੱਸ਼ਟੀਕਰਨ ਅਖ਼ਬਾਰਾਂ ਵਿਚ ਛਪਣਾ ਚਾਹੀਦਾ ਹੈ :--

**ਸ਼ੰਕੇ ਅਤੇ ਜੋਦੜੀ**-- (੧) ਉਹ ਕਿਹੜੀ ਮਜਬੂਰੀ ਸੀ ਜਿਸ ਕਾਰਨ ਅੱਜ ਧਰਮ ਵਿਰੁੱਧ ਸਮਝਿਆ ਜਾਣ ਵਾਲਾ ਕਥਿਤ ਅਖਾਜ ਮਾਸ ਉਸ ਵੇਲੇ ਖਾਣਾ ਪੈ ਗਿਆ ? ਸੱਭ ਤੋਂ ਵਡੀ ਮਜਬੂਰੀ ਮੌਤ ਹੁੰਦੀ ਹੈ । ਜੇ ਜਾਨ ਬਚਾਉਣ ਲਈ ਕਥਿਤ ਤੌਰ ਤੇ ਧਰਮ ਲਈ ਹਾਨੀਕਾਰਕ ਮਾਸ ਖਾ ਲਿਆ ਤਾਂ, ਖੋਪਰੀ ਲੁਹਉਣ ਦੀ, ਬੰਦ ਬੰਦ ਕਟਾਉਣ ਦੀ ਅਥਵਾ ਅਸਿਹ ਅਤੇ ਅਕਿਹ ਤਸੀਹੇ ਸਹਾਰਦਿਆਂ ਸ਼ਹੀਦੀਆਂ ਪਾਉਣ ਦੀ ਕੀ ਲੋੜ ਸੀ ? ਜੇ ਵੇਲਾ ਟਪਾਉਣ ਲਈ ਮਾਸ ਵਰਗੀ ਵਰਜਤ ਵਸਤੂ ਖਾ ਲੈਣੀ ਅਤੇ ਮਸੀਬਤ ਟਲ ਜਾਣ ਤੇ " ਮਾਸ-ਤਿਆਗੀ " ਬਣ ਜਾਣਾਂ ਜੇ ਗੁਰਮਤਿ ਮਰਯਾਦਾ ਹੈ ਤਾਂ ਕੇਸ ਮੁਨਾ ਕੇ ਜਾਨ ਬਚਾ ਕੇ ਕੇਸ ਮੁੜ ਰੱਖ ਲੈਣ ਵਿਚ ਕੀ ਹਰਜ ਸੀ ? ਜਾਂ ਸਮਾਂ ਟਪਾਉਣ ਲਈ ਮੁਸਲਮਾਣ ਬਣ ਕੇ ਮੁੜ ਸਿੰਘ ਸੱਜ ਜਾਣਾ ਮਨਮਤ ਕਿਵੇਂ ਰਹਿ ਜਾਣੀ ਸੀ ? ਫਿਰ ਇਹ ਵੀ ਸਮਝਾ ਦਿਆ ਕਰੋ ਕਿ " ਕੇਸਾਂ ਸੁਆਸਾਂ ਨਾਲ ਸਿੱਖੀ ਸਿਦਕ ਨਿਭਾਉਣ " ਦਾ ਕੀ ਅਰਥ ਰਹਿ ਗਿਆ ? ਭਿੰਡਰਾਂ ਵਾਲੇ ਡੇਰੇਦਾਰਾਂ ਵਾਲੀ ਬੋਲੀ ਵਿਚ ਅਜੇਹੇ ਗੁਰਮਤਿ ਵਿਰੋਧੀ ਬਿਆਨ ਦੇ ਕੇ ਪੰਥ ਦੀ ਰਹਿੰਦੀ ਜੱਖਣਾਂ ਪੁੱਟਣੀ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੀ ਮਰਯਾਦਾ ਹੈ ਜੀ ? ਅਸਾਂ ਸੁਣਿਆਂ ਹੈ ਕਿ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਕੰਵਲਜੀਤ ਸਿੰਘ ਜੀ ਨੇ " **ਮੰਸੁ ਮਾਸੁ ਕਰਿ ਮੂਰਖੁ ਝਗੜੇ** " ਪੁਸਤਕ ਆਪ ਜੀ ਦੀ ਭੇਟਾ, ਕੀਤੀ ਹੈ । ਉਸ ਵਿਚ ਭਾਈ ਰਣਧੀਰ ਸਿੰਘ ਜੀ ਨੂੰ ਥਾਂ ਥਾਂ ਤੇ ਮਨਮੁੱਖ ਅਤੇ ਆਪ ਹੁਦਰਾ ਪੰਥ ਵਿਰੋਧੀ ਵਿਚਾਰਾਂ ਵਾਲਾ ਸਿੱਧ ਕੀਤਾ ਹੋਇਆ ਹੈ । ਉਸ ਪੁਸਤਕ ਤੋਂ ਮਾਸ ਖਾਣਾ ਗੁਰਮਤਿ ਦਾ ਹਿੱਸਾ ਸਿੱਧ ਹੁੰਦਾ ਹੈ । ਪੁਸਤਕ ਧੜਾ ਧੜ ਵਿਕ ਰਹੀ ਹੈ । ਉਸ ਪੁਸਤਕ ਦੇ ਲਿਖਾਰੀ ਨੇ ਆਪਣੀ ਹਰ ਦਲੀਲ ਨਾਲ ਘਟੋ ਘੱਟ ਪੰਜ ਗੁਰੂ ਫ਼ੁਰਮਾਨ ਲਿਖੇ ਹਨ । ਤੁਸੀ ਵੀ (ਸਾਹਿਬ ਸਿੰਘ ਜੀ ਦੇ ਸਟੀਕ ਅਨੁਸਾਰ ਅਰਥਾਂ ਵਾਲੇ) ਪੰਜ ਗੁਰਬਾਣੀ ਸ਼ਬਦਾਂ ਦੇ ਅਧਾਰ ਤੇ ਉਸ ਪੁਸਤਕ ਨੂੰ ਗੁਰਮਤਿ ਵਿਰੋਧੀ ਸਿੱਧ ਕਰਕੇ ਜ਼ਬਤ ਕਰਾਉ । ਇਸ ਉੱਦਮ ਤੋਂ ਪਹਿਲਾਂ ਸਿਰੀ ਰਾਗੁ ਕੀ ਵਾਰ ਮਹਲਾ ੪ ਵਿਚਲੇ **ਮ: ੧ ॥** ਦੇ ਸਲੋਕ ਦੀ ਪੰਗਤੀ--**(ਕਿਆ ਮੇਵਾ, ਕਿਆ ਘਿਉ ਗੁੜੁ ਮਿਠਾ, ਕਿਆ ਮੈਦਾ ਕਿਆ ਮਾਸੁ** "॥) ਵਿਚਲੇ ਖਾਣ ਵਾਲੇ ੬ ਪਦਾਰਥਾਂ ਵਿਚੋਂ " **ਮਾਸੁ** " ਪਦਾਰਥ ਨੂੰ ਨਿਖੇੜ ਸਕਣ ਵਾਲੀ ਯੁਕਤੀ ਅਖ਼ਬਾਰਾਂ ਵਿਚ ਛਪਵਾਉ । ਫਿਰ (੧) ਉਸ ਪੁਸਤਕ ਦੇ ਲਿਖਾਰੀ ਗੁਰਬਖ਼ਸ਼ ਸਿੰਘ ਵਾਸੀ ਡੈਲਟਾ ਨੂੰ, (੨) ਪ੍ਰਕਾਸ਼ਤ ਕੁਲਬੀਰ ਸਿੰਘ ਨੂੰ (੩) " ਭਰਮ ਨ ਭੂਲਹੁ ਭਾਈ " ਮੁੱਖ ਬੰਦ ਲਿਖਣ ਵਾਲੇ ਸਨਮਾਨ ਜੋਗ ਡ: ਸ਼ਮਸ਼ੇਰ ਸਿੰਘ ਜੀ, (ਪ੍ਰਿੰਸੀਪਲ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਅੰਮ੍ਰਿਤਸਰ) ਨੂੰ ਅਤੇ (੪) ਪੁਸਤਕ Release ਕਰਨ ਵਾਲੇ S.G.P.C. ਦੇ ਸਕੱਤਰ ਗਿਆਨੀ ਮਨਜੀਤ ਸਿੰਘ ਜੀ ਕਲਕੱਤਾ ਨੂੰ, ਤਨਖਾਈਏ ਘੋਸ਼ਤ ਕਰੋ ਅਤੇ ਹੁਕਮਨਾਮੇ ਜਾਰੀ ਕਰਕੇ ਉਨ੍ਹਾਂ ਨੂੰ ਸ੍ਰੀ ਅਕਾਲਤਖ਼ਤ ਸਾਹਿਬ ਤੇ ਬੁਲਾ ਕੇ ਡੰਡ ਦਿਉ । ਨਹੀਂ ਤਾਂ ਤੁਹਾਡੀ ਆਪ ਹੁਦਰੀ ਬਿਆਨ ਬਾਜ਼ੀ ਪੰਥ ਦਾ ਰਹਿੰਦਾ ਵਿਕਾਰ ਰੋਲ ਕੇ ਰੱਖ ਦੇਵੇਗੀ ।

{ਨੋਟ :--ਇਸ ਸਭ ਕੁਝ ਨੂੰ ਜੋ ਆਪ ਜੀ ਦੀ ਸੇਵਾ ਵਿਚ ਭੇਜ ਰਹੇ ਹਾਂ, ਅਸੀਂ ਤੁਰੰਤ ਹੀ ਸੰਸਾਰ ਭਰ ਦੇ ਅਖਬਾਰਾਂ ਅਤੇ ਰਸਾਲਿਆਂ ਨੂੰ ਭੇਜ ਦੇਣ ਲਈ ਕਾਹਲੇ ਸਾਂ ਪਰ ਕੁਝ ਸੁਹਿਰਦ ਵਿਦਵਾਨਾਂ ਨੇ ਸਮਝਾਇਆ, ਕਿ ਕਾਹਲ ਕਰਨ ਵਿਚ ਪੰਥਕ ਬਦਨਾਮੀ ਹੈ । ਘਟੋ ਘੱਟ ਇੱਕ ਹਫ਼ਤਾ ਸਨਮਾਨ ਜੋਗ ਜਥੇਦਾਰ ਸਾਹਿਬ ਜੀ ਦਾ ਉਤਰ ਉਡੀਕ ਲੈਣਾ ਚਾਹੀਦਾ ਹੈ । ਜੇ ਫ਼ਸਾਦੀਆਂ ਨੂੰ ਕਿਸੇ ਤਰ੍ਹਾਂ ਦੀ ਨੱਥ ਨਾ ਪਾਈ ਗਈ ਤਾਂ ਫਿਰ ਪੰਥਕ ਬਦਨਾਮੀ ਦੀ ਜ਼ਿਮੇਵਾਰੀ ਆਪ ਜੀ ਤੇ ਹੋਵੇਗੀ । ਹਾਲੀ ਸੂਚਨਾ ਵਜੋਂ ਇਸ ਚਿਠੀ ਦਾ ਉਤਾਰਾ ਕਲਕੱਤਾ ਸਾਹਿਬ ਨੂੰ ਭੇਜ ਰਹੇ ਹਾਂ }

ਅਸੀਂ ਹਾਂ ਸਰੀ ਡੈਲਟਾ ਬਹੁ-ਸਮਤੀ ਗੁਰੂ-ਸੰਗਤ ਜਿਨ੍ਹਾਂ ਦੇ ਚੁਣੇ ੧੧ ਵਿਚੋਂ ੮ ਕਮੇਟੀ Member ਹਨ----

## (੯) ਗੁਰੂ ਕਾ ਲੰਗਰ

**ਮਹਾਨ ਕੋਸ਼ ਦੇ** ੧੦੭੬ ਸਫ਼ੇ ਤੇ ਲੰਗਰ ਦੇ ਅਰਥ ਇਸ ਪ੍ਰਕਾਰ ਹਨ ਅਨਲਗ੍ਰਿਹ, ਪਾਕਸਾਲ । ੮--" **ਉਹ ਥਾਂ ਜਿੱਥੇ ਅਨਾਥਾਂ ਨੂੰ ਅੰਨ, ਦਾਨ ਮਿਲੇ** " । ਆਮ ਗ਼ਰੀਬ ਲੋੜਵੰਦਾ ਲਈ ਨਿਸ਼ਕਾਮ ਸੇਵਾ-ਭਾਵਨਾ ਨਾਲ ਭੋਜਨ ਦਾ, ਯਥਾਸ਼ਕਤ ਬਸਤ੍ਰਾਂ ਦਾ ਅਥਵਾ ਮਾਇਕ ਸਹਾਇਤਾ ਦਾ ਪ੍ਰਬੰਧ, " ਲੰਗਰ " ਅਖਵਾਉਂਦਾ ਹੈ।

ਮਾਇਆ-ਗ੍ਰਸਿਆ ਲੋਭੀ ਮਨ, ਬਿਨਾ ਕਿਸੇ ਲਾਭ ਦੀ ਆਸ ਦੇ, ਲੰਗਰ ਚਲਾਉਣ ਦੀ ਗੱਲ ਸੋਚ ਵੀ ਨਹੀਂ ਸਕਦਾ । ਹਿੰਦੂ ਧਰਮ ਦੇ ਤੀਰਥਾਂ ਆਦਿ ਤੇ ਹਜ਼ਾਰਾਂ ਮੀਲਾਂ ਤੋਂ ਲੋਕ ਆਇਆ ਕਰਦੇ ਸਨ, ਪਰ ਧਰਮ ਆਗੂਆਂ ਨੇ ਕਿਸੇ ਵੀ ਯਾਤ੍ਰੀ ਲਈ ਰਿਹਾਇਸ਼ ਦਾ ਅਤੇ ਰੋਟੀ ਪਾਣੀ ਦਾ ਪ੍ਰਬੰਧ ਕਿਸੇ ਤੀਰਥ ਅਸਥਾਨ ਨਹੀਂ ਸੀ । ਲੋਕਾਂ ਨੂੰ ਲੁੱਟ ਖਾਣ ਗਿੱਝੇ ਹੋਏ ਬ੍ਰਾਹਮਣ ਨੇ ਹਿੰਦੂ ਧਰਮ ਦੀ ਮਰਯਾਦਾ ਵਿਚ, ਲੋਕ ਭਲਾਈ ਲਈ ਨਿਸ਼ਕਾਮ ਸੇਵਾ ਵਾਲਾ ਕੋਈ ਵੀ ਵਿਧਾਨ ਬਣਾਇਆ ਹੀ ਨਹੀਂ ਸੀ । ਅਸੁਮੇਧ, ਗਊਮੇਧ, ਨਰ ਮੇਧ ਆਦਿ ਕਈ ਤਰ੍ਹਾਂ ਦੇ ਜਗ ਕੀਤੇ ਜਾਣ ਦੇ ਪਿੱਛੇ ਵੀ ਬੜੀ ਪਰਬਲ ਕਾਮਨਾ ਪ੍ਰਧਾਨ ਹੁੰਦੀ ਸੀ । ਹਿੰਦੂ ਧਰਮ ਦਾ ਕੋਈ ਵੀ ਭੋਜਨ ਭੰਡਾਰਾ ਅਜੇਹਾ ਨਹੀਂ ਸੀ ਜਿਸ ਵਿਚ ਉਚੇਚੀ ਸੁੱਚਮ ਅਤੇ ਛੂਤ ਛਾਤ ਦਾ ਕੋਝਾ ਭਰਮ ਨਹੀਂ ਸੀ ਜੁੜਿਆ ਹੁੰਦਾ । ਜੱਗ ਸੰਪੂਰਨ ਹੋ ਜਾਣ ਦੇ ਨਾਲ ਕੋਈ ਬੜੀ ਵੱਡੀ ਕਾਮਨਾ ਜਰੂਰ ਜੁੜੀ ਹੁੰਦੀ ਸੀ । ਸ਼ੂਦਰ ਵਿਚਾਰਾ ਤਾਂ ਕਿਸੇ ਜੱਗ ਜਾਂ ਕਥਿਤ ਭੋਜਨ-ਭੰਡਾਰੇ ਦੇ ਨੇੜੇ ਤੇੜੇ ਵੀ ਨਹੀਂ ਢੁੱਕ ਸਕਦਾ । ਉਸ ਗ਼ਰੀਬ ਦੀ ਤਾਂ ਰਿਹਾਇਸ਼ ਵੀ ਪਿੰਡਾਂ, ਨੱਗਰਾਂ ਤੋਂ ਦੂਰ ਹਟਵੀਂ ਹੋਇਆ ਕਰਦੀ ਸੀ ।

ਗ਼ਰੀਬਾਂ ਅਤੇ ਦੁਖਿਆਰਿਆਂ ਦੇ ਸੰਗੀ ਸਾਥੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਜੇ ਕਿਸ਼ੋਰ ਅਵਸਥਾ ਵਿਚ ਹੀ ਸਨ ਕਿ ਪਿਤਾ ਜੀ ਨੇ ੨੦ ਰੁਪਈਏ (ਜੋ ਅੱਜ ਦੇ ੨੦ ਹਜ਼ਾਰ ਨਾਲੋਂ ਘੀਟ ਨਹੀਂ ਸਨ) ਖੱਟੀ ਵਾਲਾ ਸੌਦਾ ਲਿਆਉਣ ਲਈ ਦਿੱਤੇ । ਸਤਿਗੁਰਾਂ ਨੇ ਉਸ ਰਕਮ ਨੂੰ ਗ਼ਰੀਬ ਨੰਗੇ ਭੁਖਿਆਂ ਨੂੰ ਭੋਜਨ ਛਕਾਉਣ ਤੇ ਅਤੇ ਲੋੜੀਂਦੇ ਬਸਤਰ ਲੈ ਦੇਣ ਤੇ ਖ਼ਰਚ ਕਰ ਦਿੱਤੇ । ਭਾਵ, ਸਿੱਖੀ ਸਿਧਾਂਤ ਦੇ ਅਥਵਾ ਖ਼ਾਲਸੇ ਦੇ ਜਨਮ ਦਾਤਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨੰਗੇ ਭੁੱਖੇ ਗ਼ਰੀਬਾਂ ਲਈ ਭੋਜਨ ਅਤੇ ਬਸਤਰ, ਦੋਹਾਂ ਤਰ੍ਹਾਂ ਦੀ ਸਹਾਇਤਾ ਕਰਨ ਵਾਲਾ ਲੰਗਰ ਚਲਾਉਣ ਦਾ ਨੀਂਹ ਪੱਥਰ ਰੱਖ ਦਿਤਾ ਸੀ । ਸਤਿਗੁਰਾਂ ਦੀ ਕੀਰਤੀ ਫੈਲੀ ਤਾਂ ਉਨ੍ਹਾਂ ਦੇ ਦਰਸ਼ਨਾਂ ਨੂੰ ਬੜੀ ਦੂਰੋਂ ਦੂਰੋਂ ਲੋਕ ਆਉਣੇ ਅਰੰਭ ਹੋ ਗਏ । ਧਨਵਾਨ ਲੋਕਾਂ ਕੋਲ ਵੱਧ ਤੋਂ ਵੱਧ ਊਠ ਘੋੜੇ ਜਾਂ ਬੈਲ ਗੱਡੀਆਂ ਸਵਾਰੀ ਦਾ ਸਧਨ ਸਨ । ਆਮ ਜੰਤਾ ਲਈ ਆਵਾ-ਜਾਈ ਦੇ ਸਾਧਨ ਨਾ ਹੋਣ ਕਰਕੇ ਗੁਰੂ ਦਰਸ਼ਨਾਂ ਲਈ ਲੋਕ ਪੈਦਲ ਹੀ ਪੁਜਿਆ ਕਰਦੇ ਸਨ । ਸਤਿਗੁਰਾਂ ਦੀ ਮਨਸ਼ਾ ਅਨੁਸਾਰ, ਦੂਰੋਂ ਆਈ ਸੰਗਤ ਲਈ ਟਿਕਾਣੇ ਦਾ ਅਤੇ ਲੰਗਰ ਦਾ ਪ੍ਰਬੰਧ ਕਰਨਾ ਗੁਰੂ ਘਰ ਦੀ

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

ਮਰਯਾਦਾ ਬਣ ਗਈ । ਜ਼ਾਤ ਪਾਤ ਅਤੇ ਅਮੀਰ ਗ਼ਰੀਬ ਦੇ ਵਿਤਕਰੇ ਤੋ ਬਿਨਾ, ਬੜੇ ਆਦਰ ਸਤਿਕਾਰ ਨਾਲ ਸੰਗਤਾਂ ਦੀ ਸੇਵਾ ਕਰਨੀ ਗੁਰਸਿੱਖੀ ਦਾ ਅੰਗ ਬਣ ਗਿਆ । ਸੁਲਤਾਨ ਪੁਰ ਲੋਧੀ ਦੇ ਨਵਾਬ ਦੇ ਮੋਧੀ ਖ਼ਾਨੇ ਨੂੰ ਚਲਾਉਂਣ ਦੀ ਪਦਵੀ ਸੰਬਾਲਣ ਸਮੇਂ ਸਤਿਗੁਰੂ ਜੀ ਆਪਣੇ ਕੋਲ ਗੁਜ਼ਾਰੇ ਜੋਗੀ ਮਾਇਆ ਰੱਖਦੇ ਬਾਕੀ ਸਾਰੀ ਆਮਦਨ ਗ਼ਰੀਬਾਂ ਲੋੜਵੰਦਾ ਨੂੰ ਅੰਨ, ਬਸਤਰ ਅਥਾ ਕਈ ਵਾਰੀ ਨਕਦ ਮਾਇਆ ਦੇ ਕੇ ਨਿਮਾਣਿਆਂ ਦਾ ਮਾਣ ਵਧਾਇਆ ਕਰਦੇ ਸਨ ।

ਸਤਿਗੁਰਾਂ ਨੇ " ਗੁਰੂ ਕੇ ਲੰਗਰ " ਦੇ ਜਿਹੜੇ ਸਰਬਸਾਂਝੇ ਅਤੇ ਸਰਬਪ੍ਰਵਾਣਤ ਨਿਯਮ ਬਣਾਏ ਸਨ, ਉਨ੍ਹਾਂ ਦੀ ਜਾਣਕਾਰੀ, ਅਤੇ ਜੋ ਹੁਣ ਗੁਰੂ ਘਰਾਂ ਵਿਚ ਪ੍ਰਚਲਤ ਹੋ ਗਿਆ ਹੈ ਬਾਰੇ ਗੁਰਮਤਿ ਵਿਚਾਰ ਕਰਕੇ ਲੋੜੀਂਦਾ ਸੁਧਾਰ ਕਰਨ ਦਾ ਯਤਨ ਕਰਨਾ, ਸੁਹਿਰਦ ਗੁਰਸਿੱਖਾਂ ਦਾ ਧਰਮ ਬਣਦਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ ਵਲੋਂ ਛਪਵਾਈ ਜਾ ਰਹੀ ਪੁਸਤਕ " ਗੁਰਮਤਿ ਮਾਰਤੰਡ " ਤੀਸਰੇ ਐਡੀਸ਼ਨ ਦੇ ੫੮੧ ਸਫੇ ਤੇ ਇਸ ਪਰਕਾਰ ਲਿਖਿਆ ਹੈ--" ਖਾਲਸਾ ਧਰਮ ਵਿੱਚ ਦੇਗ ਤੇਗ ਦੀ ਵੱਡੀ ਮਹਿਮਾ ਹੈ, ਇਸ ਤੋਂ ਭਾਵ ਹੈ, ਯਤੀਮ ਅਸਹਾਯ ਅਨਾਥਾਂ ਦਾ ਪਾਲਨ ਅਤੇ ਅਮਨ ਦੀ ਰੱਖਿਆ ਲਈ ਉਪੱਦ੍ਰਵੀਆਂ ਦਾ ਦਮਨ " । ਗੁਰਮਤਿ ਮਾਰਤੰਡ ਵਿਚਲੇ (੫੮੧ ਤੋਂ ੫੮੪ ਤੱਕ) ਪੰਜ ਸਫ਼ਿਆਂ ਦੇ ਇਸ ਲੇਖ ਦਾ ਅਤੇ " ਸਿੱਖ ਰਹਿਤ ਮਰਯਾਦਾ " ਦੇ " **ਸੇਵਾ** " ਸਿਰਲੇਖ ਹੇਠ ਲਿਖੀ ਲੰਗਰ ਮਰਯਾਦਾ ਦੇ ਅਧਾਰ ਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਤੋਂ ਮਿਲਦੀ ਸੇਧ ਨੂੰ ਮੁੱਖ ਰਖ ਕੇ ਲੰਗਰ ਮਰਯਾਦਾ ਬਾਰੇ ਕਰਮਵਾਰ ਵਿਚਾਰ ਇਸ ਪ੍ਰਕਾਰ ਹੈ:--

**(੧)** ਅਥਿਤੀਆਂ ਲੋੜਵੰਦਾ ਲਈ ਬਣ ਰਹੇ ਲੰਗਰ ਦੇ ਰਿਜ਼ਕ ਦਾ ਦਾਤਾ ਸਦਾ ਪ੍ਰਭੂ ਨੂੰ ਮੰਨਣਾ ਹੈ ਅਤੇ ਲੰਗਰ ਨੂੰ ਚਲਾਉਣ ਵਾਲਾ ਸਦਾ ਉਸ ਲਾਸਾਨੀ ਸਤਿਗੁਰੂ ਜੀ ਨੂੰ ਮੰਨਣਾ ਹੈ ਜਿਨ੍ਹਾਂ ਨੇ " ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ " ਵਾਲਾ ਸਿਧਾਂਤ ਖ਼ਾਲਸਾ ਜੀ ਨੂੰ ਦਿੱਤਾ ਸੀ । ਕਿਸੇ ਮਨੁੱਖ ਨੂੰ ਗੁਰੂ ਦੁਆਰੇ ਦਾ ਲੰਗਰ ਚਲਾਉਣ ਵਾਲਾ ਕਦੇ ਨਹੀਂ ਮਿਥਨਾਂ । ਲੰਗਰ ਦੀ ਤਿਆਰੀ ਦੇ ਸਮੇਂ ਤੋਂ ਅਰੰਭ ਹੋ ਕੇ, ਛਕਣਾ ਅਰੰਭ ਕਰਨ ਸਮੇਂ ਤੱਕ ਗੁਰਬਾਣੀ ਸ਼ਬਦਾਂ ਦਾ ਗਾਇਨ, ਜਾਂ " ਸਤਿਨਾਮ ਵਾਹਿਗੁਰੂ " ਜਾਪ ਕਰਦੇ ਕਰਵਾਉਂਦੇ ਰਹਿਣਾ । ਭੋਜਨ ਗ਼ਰੀਬੀ ਦਾਵੇ ਵਾਲਾ ਸਾਦਾ ਬਣੇ, ਭਾਵ, ਦਾਲ ਫੁਲਕਾ, ਅਚਾਰ। ਗੰਡਾ ਆਦਿ (ਜੇ ਕਦੇ ਸਰਦਾ ਹੋਵੇ ਤਾਂ ਕੜ੍ਹਾ-ਪ੍ਰਸ਼ਾਦ ਅਥਵਾ ਦੁੱਧ ਘਿਉ ਵਾਲੀ ਖੀਰ ਆਦਿ ਪੌਸ਼ਟਕ ਪਦਾਰਥ ਵੀ ਬਣਾਏ ਜਾ ਸਕਦੇ ਹਨ --**ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ ॥** ) ਇਸ ਮਰਯਾਦਾ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਆਪਾ ਫਰੋਲਦੇ ਹਾਂ :--

**(੧)** ਗੁਰੂ ਦੇ ਲੰਗਰ ਦੇ ਰਾਸ਼ਨ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ ਹੋਇਆ ਕਰਦਾ ਕਿ ਦਾਲਾਂ ਕੋਣ ਪੁਚਾ ਰਿਹਾ ਹੈ, ਘਿਉ, ਆਟਾ, ਮੈਦਾ, ਸਬਜ਼ੀ ਦੁੱਧ ਪੁਚਾਈ ਰਖਣ ਵਾਲੇ ਸ਼ਰਧਾਲੂ ਕਿਹੜੇ ਹਨ ? ਅਰਦਾਸ ਵਿਚ ਸਦਾ ਏਹੀ ਸੁਣੀਦਾ ਸੀ--" ਦਾਤਾਰ ਦੀ ਬਖ਼ਸ਼ੀਆਂ ਦਾਤਾਂ ਵਿਚੋਂ ਆਪ ਜੀ ਦੀ ਮਿਹਰ ਦਾ ਸਦਕਾ ਲੰਗਰ ਤਿਆਰ ਹੈ, ਆਪ ਜੀ ਨੂੰ ਪਰਵਾਣ ਹੋਇਆ ਲੰਗਰ ਸੰਗਤ ਵਿਚ ਵਰਤੇ " । ਪਰ ਹੁਣ ਅਰਦਾਸ ਵਿਚ ਇਹ ਸੁਣਿਆਂ ਜਾਂਦਾ ਹੈ---ਅੱਜ ਲੰਗਰ ਦੀ ਸੇਵਾ..... ਸਿੰਘ ਕਰਵਾ ਰਿਹਾ ਹੈ [ਅੱਗੇ ਮਿੱਠੇ-ਬੋਲ-ਰੂਪ ਸੋਹਣੇ ਗਹਿਣਿਆਂ ਵਿਚ ਸਜਾਇਆ" **ਮੁਖਿ ਝੂਠ ਬਿਭੂਖਣ ਸਾਰੰ** "- ਜਿਹੜਾ ਝੂਠ ਬੋਲਿਆ ਜਾਂਦਾ ਹੈ, ਉਸ ਦਾ ਠੀਕ ਭਾਵ ਇਹ ਬਣਦਾ ਹੈਂ] " ਹੇ ਸਾਡੇ ਕਾਬੂ ਆਏ ਗੁਰੂ ਸਾਹਿਬ ਜੀਓ ! ਪਹਿਲੀ ਗੱਲ ਤਾਂ ਇਹ ਹੈ ਕਿ ਬ੍ਰਾਹਮਣਾਂ ਦੇ ਦੇਵੀ ਦੇਵਤਿਆਂ ਵਾਂਗ ਸਾਹਮਣੇ ਰੱਖੀ ਭੋਜਨ ਪਕਵਾਨਾਂ ਦੀ ਥਾਲੀ ਨੂੰ ਭੋਗ ਲਉ । ਅਤੇ ਫਿਰ ਅਜੇਹੇ ਬਚਨ ਕਿ--**ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ** " " **ਜੋ ਮਾਗੈ ਸੋ ਭੂਖਾ ਰਹੈ** " ॥ ਅਥਵਾ--**ਮਾਗਤ ਮਾਣੁ ਨਾ ਪਾਵੈ ॥** ਕਹਿ ਕੇ ਸਾਨੂੰ ਮਤਿ ਦੇਈ ਜਾਣ ਵਾਲੀ ਆਪਣੀ ਪੁਰਾਣੀ ਜ਼ਿਦ ਛਡੋ । ਸੱਚੇ ਪਾਤਸ਼ਾਹੋ ! ਹੁਣ ਤੁਹਾਡਾ ਫ਼ਰਜ਼ ਇਹ ਬਣਦਾ ਹੈ ਕਿ ਜਿਸ ਤੁਹਾਡੇ ਨਿਰਾਲੇ ਸੇਵਕ ਨੇ ਲੰਗਰ ਕਰਾ ਕੇ ਤੁਹਾਡਾ ਅੱਜ ਦਾ ਬੁੱਤਾ ਸਾਰਿਆ ਹੈ ਉਸ ਦੇ ਇਸ ਉਪਕਾਰ ਦੇ ਬਦਲੇ ਉਸ ਦੀਆਂ ਮਨੋਕਾਮਨਾਂ ਪੂਰੀਆਂ ਕਰੋ । ਉਸ ਦੇ ਕਾਕੇ ਦੀ ਬਿਮਾਰੀ ਕੱਟ ਕੇ ਉਸ ਨੂੰ ਦੇਹ ਅਰੋਗਤਾ ਬਖ਼ਸ਼ੋ, ਨਾਲੇ ਤੁਹਾਡਾ ਏਹੀ ਸੇਵਕ ਗੁਰਦੁਆਰੇ ਦੀ ਕਮੇਟੀ ਦੀ ਪ੍ਰਧਾਨਗੀ ਲਈ ਖ਼ਲੋਤਾ ਹੈ, ਤੁਸੀ ਸਾਰੇ ਵੋਟਰਾਂ ਦੇ ਮਨ ਦੀ ਅਜੇਹੀ ਚਕਰੀ ਭੁਆਂਉ ਕਿ ਉਹ ਆਪਣੀ ਵੋਟ ਏਸੇ ਨਿਰਮਾਣ ਅਤੇ ਨਿਸ਼ਕਾਮ ਸੇਵਕ ਨੂੰ ਹੀ ਪਾਉਣ ਆਦਿ " । ਜਿਸ ਵੀ ਅਜੇਹੇ ਸੇਵਕ ਨੇ ਲੰਗਰ ਕਰਾਉਣਾ ਹੁੰਦਾ ਹੈ ਉਹ ਪਿਛਲੀ ਰਾਤ ਆਪਣੇ ਸੱਜਣਾ ਮਿੱਤਰਾਂ ਸਾਕਾਂ ਸੰਬੰਧੀਆਂ ਨੂੰ ਫੂਨ ਕਰਦਾ ਰਿਹਾ ਹੁੰਦਾ ਕਿ, " ਕੱਲ੍ਹ ਲੰਗਰ ਮੇਰਾ ਹੈ, ਪਕਾਉਣ ਲਈ ਅਥਵਾ ਖਾਣ ਪੀਣ ਲਈ ਜ਼ਰੂਰ ਆਇਓ " । ਨਾਲੇ ਗੁਰੂ ਦਾ ਬੁੱਤਾ ਸਾਰ ਦਿੱਤਾ ਅਤੇ ਨਾਲੇ ਯਾਰਾਂ ਦੋਸਤਾਂ ਵਿਚ ਠੁੱਕ ਬੰਨ੍ਹ ਲਈ । ਅਖੇ ਨਾਲੇ ਪੁੰਨ ਨਾਲੇ ਫਲੀਆਂ । Peg ਲਾਉਣ ਦੇ ਸ਼ਕੀਨ ਗੁਰੂ ਦੇ ਲਾਲ, ਕਾਰਾਂ ਵਿਚ ਰਖੀਆਂ ਬੋਤਲਾਂ ਵਿਚੋਂ ਡਰਾਮ ਦੋ ਡਰਾਮ ਅੰਦਰ ਸਿੱਟ ਕੇ, ਖਟੇ ਮਿੱਠੇ ਵਾਲਾ ਭੋਜਨ ਬੜੀ ਦਲੇਰੀ ਨਾਲ ਨਿੱਸਲ ਹੋ ਕੇ ਖਾਂਦੇ ਹਨ--" ਅੱਜ ਆਪਣੇ ਸਾਡੇ ਜੌਹਲ ਸਾਹਿਬ ਦਾ ਲੰਗਰ ਹੈ, ਕਮੇਟੀ ਵਾਲੇ ਮਾਮੇ ਲੱਗਦੇ ਆ ਸਾਨੂੰ ਰੋਕਣ ਵਾਲੇ "। [ਕਮੇਟੀ ਵਾਲੇ ਜੇ ਅਜੇਹੇ ਸ਼ਰਾਬੀ ਨੂੰ ਲੰਗਰ ਵਿਚੋਂ ਬਾਹਰ ਕੱਢ ਦੇਣ ਤਾਂ ਘਰ ਵਾਲੇ ਸਮੇਤ ਕਈ ਵੋਟਰਾਂ ਦੇ ਵਿਗੜ ਜਾਣ ਦਾ ਡਰ ਖਾ ਰਿਹਾ ਹੁੰਦਾ ਹੈ । ਅਗਲੀ ਚੋਣ ਵਿਚ ਗੋਲਕ ਦੀ ਅਯੋਗ ਵਰਤੋਂ ਕਰ ਸਕਣ ਵਾਲਾ ਸੁਨਹਿਰੀ ਮੌਕਾ ਹੱਥੋਂ ਖੁਸ ਜਾਣ ਦਾ ਡਰ ਮੂੰਹ ਪਾੜ ਕੇ ਸਾਹਮਣੇ ਆ ਖਲੋਂਦਾ ਹੈ, ਗੁਰੂ ਵਿਚਾਰੇ ਦਾ ਕੀ ਹੈ ? ਅਖੇ " ਰੱਬ ਨੇੜੇ ਕਿ ਘਸੁੰਨ ", ਕਰਨ ਦਿਉ ਮੌਜਾਂ] --ਗੁਰਦੁਆਰੇ ਕਰਵਾਇਆ ਅਜੇਹਾ ਲੰਗਰ ਗੁਰੂ-ਕਾ ਲੰਗਰ ਨਹੀਂ ਹੁੰਦਾ ਉਹ ਲੰਗਰ ਉਸ ਦਾ ਹੁੰਦਾ ਹੈ ਜਿਸ ਦਾ ਨਾਮ ਅਰਦਾਸ ਵਿਚ ਆ ਜਾਂਦਾ ਹੈ । ਪਰ ਜੇ ਕੇਸਕੀ ਬੰਨ੍ਹੀਆਂ ਗੁਰਮੁਖ ਬੱਚੀਆਂ ਆਪਣੇ ਘਰੀਂ ਗੁਰਬਾਣੀ ਪੜ੍ਹਦਿਆਂ ਜਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆ ਰਸੋਈ ਤਿਆਰ ਕਰਕੇ ਪਰਵਾਰ ਸਹਿਤ ਅਰਦਾਸ ਕਰਦੇ ਹਨ ਕਿ-- ਹੇ ਸੱਚੇ ਪਿਤਾ ਦਾਤਾਰ ਜੀਓ ! ਤੁਹਾਡੀ ਬਖ਼ਸ਼ਸ਼ ਦੇ ਭੰਡਾਰੇ ਵਿਚੋਂ ਤੁਹਾਡੀ ਮਿਹਰ ਨਾਲ ਲੰਗਰ ਤਿਆਰ ਹੈ ਤੁਸੀ । ਕੋਈ ਅਥਿਤੀ ਤੁਸਾਂ ਅੱਜ ਭੇਜਿਆ ਨਹੀਂ । ਸੋ ਮਿਹਰ ਕਰੋ ਅਤੇ ਪਰਵਾਰ ਦੇ ਹਿਰਦਿਆਂ ਵਿਚ ਬੈਠ ਕੇ ਪ੍ਰਸ਼ਾਦਿ ਛਕਣ ਵਿਚ ਪ੍ਰਵਾਰ ਦੇ ਸਹਾਈ ਬਣੋ " ਤਾਂ ਘਰ ਬਣਿਆਂ ਲੰਗਰ ਨਿਸੰਦੇਹ " **ਗੁਰੂ ਕਾ ਲੰਗਰ** " ਹੈ, ਜਦ ਕਿ ਗੁਰਦੁਆਰੇ ਬਣਿਆਂ ਉਪਰੋਕਤ ਲੰਗਰ **Picnik Party ਨਾਲੋਂ ਵੀ ਥੱਲੇ ਹੈ,** ਕਿਉਂਕਿ--**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥** [੭੮੯] ਵਾਲਾ ਭਾਣਾ ਨਾਲੋ ਨਾਲ ਵਰਤ ਰਿਹਾ ਹੁੰਦਾ ਹੈ ।

**(੨)** ਗੁਰੂ ਦਾ ਲੰਗਰ ਤਾਂ ਦੂਰ ਦੁਰਾਡਿਉਂ ਆਈ ਸੰਗਤਿ ਲਈ ਜੋ ਸਾਧਨ ਨਾ ਹੋਣ ਕਰਕੇ ਆਪਣੇ ਘਰਾਂ ਵਿਚ ਨਹੀਂ ਸਨ ਪਰਤ ਸਕਦੇ, ਅਥਵਾ ਗੁਰੂ ਕਾ ਲੰਗਰ ਲੋੜਵੰਦ ਗ਼ਰੀਬ ਅਨਾਥਾਂ ਲਈ ਬਣਿਆਂ ਸੀ । ਪਰ ਅੱਜ ਅਸੀਂ ਆਪਣੇ ਘਰ ਖਾਣ ਦੇ ਥਾਂ ਗੁਰਦੁਆਰੇ ਕੇਵਲ ਰੋਟੀ ਖਾਣ ਦੇ ਲਾਲਚ ਨਾਲ ਪੁੱਜਦੇ ਹਾਂ । ਅਤੇ ਲੰਗਰ ਪਕਾਉਣ ਵਾਲੇ ਸੇਵਾਦਾਰਾਂ ਵਿਚੋਂ ਅਥਵਾ ਕਮੇਟੀ ਦੇ ਕਈ ਮੈਂਬਰ ਹਫ਼ਤੇ ਦਾ ਰਾਸ਼ਨ ਘਰੀਂ ਪਏ ਫਰਿਜਾਂ ਵਿਚ ਜਾ ਟਿਕਾਉਂਦੇ ਹਨ । ਫਿਰ ਅੱਜ ਲੰਗਰ ਛਕਣ ਵਾਲਿਆਂ ਵਿਚ ਅਜੇਹਾ ਕੋਈ ਨਹੀਂ ਹੁੰਦਾ ਜਿਹੜੇ ਦੀਵਨ ਦਾ ਭੋਗ ਪੈਣ ਉਪ੍ਰੰਤ ੫/੧੦ ਮਿੰਟ ਵਿਚ ਕਾਰ ਤੇ ਆਪਣੇ ਘਰ ਨਹੀਂ ਪੁੱਜ ਸਕਦਾ । ਅੱਜ ਗੁਰੂ ਦਾ ਲੰਗਰ, ਕੁਝ ਲਈ ਗ੍ਰੋਸਰੀ ਤੇ ਕੀਤੇ ਜਾਂਦੇ ਖ਼ਰਚ ਵਿਚ ਬੱਚਤ ਦਾ, ਅਥਵਾ Outing ਦਾ

ਸਾਧਨ ਬਣ ਚੁੱਕਾ ਹੈ ।

**(੩)** ਦਾਲ ਫੁਲਕੇ ਵਾਲਾ ਸਾਦਾ ਲੰਗਰ ਤਾਂ ਓਨਾ ਚਿਰ ਸੀ ਜਦ ਤੱਕ ਗ਼ਰੀਬਾਂ ਦਾ ਸਹਾਈ ਗ਼ਰੀਬੀ ਨਿਮਰਤਾ ਦੇ ਪ੍ਰਤੀਕ, ਗੁਰੂ ਨਾਨਕ ਜੀ ਦਾ ਲੰਗਰ ਹੁੰਦਾ ਸੀ । ਅੱਜ ਲੰਗਰ ਕਰਾਉਣ ਵਾਲੇ ਵੀ ਕਾਰਾਂ ਕੋਠੀਆਂ ਵਾਲੇ ਅਤੇ ਖਾਣ ਵਾਲੇ ਵੀ ਵੈਨਾਂ ਕਾਰਾਂ ਵਾਲੇ । ਫਿਰ ਲੰਗਰ ਵਿਚ, ਖੱਟੇ ਮਿੱਠੇ ਅਤੇ ਲੂਣੇ ਕਈ ਪਰਕਾਰ ਦੇ ਭੋਜਨ ਅਤੇ ਮਿਠਿਆਈਆਂ ਕਿਵੇਂ ਨਾ ਬਣਨ ? ਅਸਲ ਵਿਚ ਅੱਜ ਗੁਰੂ ਦਾ ਲੰਗਰ Picnic Parties ਬਣ ਚੁੱਕੇ ਹਨ । ਘਰਾਂ ਦੀਆਂ ਜ਼ਰੂਰੀ ਗੱਲਾਂ ਅਥਵਾ ਚੁਗ਼ਲੀ ਨਿੰਦਿਆ ਕਰਨ ਦੇ ਰੁਝੇਵੇਂ ਵਿਚੋਂ ਵੇਹਲ ਕਿਥੇ ਮਿਲਦੀ ਹੈ ਜੋ ਲੰਗਰ ਵਿਚ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਣ ਅਥਵਾ ਸਤਿਨਾਮ ਵਹਿਗੁਰੂ ਦਾ ਜਾਪ ਕੀਤਾ ਕਰਾਂਇਆ ਜਾ ਸਕੇ ? ਲੰਗਰ ਦੇ ਉਪ੍ਰੋਕਤ ਵਰਣਨ ਪੱਖ ਵਾਲੀ ਮਰਯਾਦਾ ਦੀ ਖਿਲੀ ਉਡਾਈ ਜਾ ਰਹੀ ਹੁੰਦੀ ਹੈ।

੨) ਕਿਸੇ ਪ੍ਰਕਾਰ ਦੀ ਭਿੱਟ ਅਤੇ ਛੂਤ ਛਾਤ ਦੇ ਭਰਮ ਦਾ ਨਾਸ ਕਰਨ ਲਈ ਲੰਗਰ ਦੀ ਤਿਆਰੀ ਵਿਚ ਹਿੱਸਾ ਪਾਉਣ ਸਮੇਂ, ਅਥਵਾ ਛਕਣ ਛਕਾਉਣ ਵਿਚ ਜ਼ਾਤ ਪਾਤ, ਊਚ ਨੀਚ, ਚੰਗੇ ਮਾੜੇ ਦਾ ਕੋਈ ਵਿਤਕਰਾ ਨਾ ਕੀਤਾ ਜਾਵੇ ।--**ਏਕੁ ਪਿਤਾ ਏਕਸ ਕੇ ਹਮ ਬਾਰਿਕ**--ਅਥਵਾ--**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥** [੧੩੪੯] ਅਤੇ---**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ** ॥[ਅਕਾਲ ਉਸਤਤਿ] ਗੁਰਮਤਿ ਸਿਧਾਂਤ ਦੀ ਖੰਡਨਾ ਨਹੀਂ ਹੋਣ ਦੇਣੀ,

ਪਰ ਅਸੀਂ ਏਡੇ ਨੀਚ ਬਣ ਰਹੇ ਹਾਂ ਕਿ ਆਪਣੇ ਹੀ ਭਰਾਵਾਂ ਵਿਚ ਵਿਤਕਰੇ ਪਾ ਰਹੇ ਹਾਂ । ਕਿਸੇ ਦਾ ਦਿਲ **ਨਿਗੁਰਾ** ਕਹਿ ਕੇ ਅਤੇ ਕਿਸੇ ਨੂੰ **ਪਤਿਤ** ਕਹਿ ਕੇ ਦੁਖਾ ਰਹੇ ਹਾਂ । ਖ਼ਾਸ ਕਰਕੇ ਭਾਈ ਰਣਧੀਰ ਸਿੰਘੀਏ ਭਾਵ, ਬਿਬੇਕੀਏ ਅਤੇ ਭਿੰਡਰਾਂ ਵਾਲਿਆਂ ਦੀ ਅਥਵਾ ਡੇਰਾਵਾਦ ਦੀ ਮਰਯਾਦਾ ਨਾਲ ਬਣੇ ਅੰਮ੍ਰਿਤਧਾਰੀ, ਸਤਿਗੁਰਾਂ ਦੀ ਉਪ੍ਰੋਕਤ ਮਰਯਾਦਾ ਦੀ ਖੰਡਨਾ ਕਰਨੀ ਆਪਣਾ ਸਿੱਖੀ ਧਰਮ ਥਾਪ ਬੈਠੇ ਹਨ । ਹਾਲਾਂਕਿ ਗੁਰੂ ਗ੍ਰੰਥ ਸਾਹਿਬ ਜੀ, ਵਿਖਾਵੇ ਵਾਲੀ ਮਰਯਾਦਾ ਨੂੰ ਹੰਕਾਰ ਪੈਦਾ ਕਰਨ ਵਾਲੀ ਫ਼ੁਰਮਾਨ ਕਰਕੇ ਹੰਕਾਰੀ ਮਨੁੱਖ ਨੂੰ ਗੰਭੀਰ ਕਿਸਮ ਦਾ ਪਤਿਤ ਅਥਵਾ ਮਨੁਮੁੱਖ ਮੰਨਦੇ ਹਨ । ਅੰਮ੍ਰਿਤਧਾਰੀ ਅਖੰਡ-ਪਾਠੀ ਵੀ ਜੇ ਝੂਠ ਬੋਲਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਉਸ ਨੂੰ ਨਿਗੁਰਾ ਫ਼ੁਰਮਾਨ ਕੀਤਾ ਹੈ---**ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥** [੧੦੧੩] [**ਗੁਰੂ-ਵਾਲੇ** ਅਤੇ **ਨਿਗੁਰੇ** ਪ੍ਰਤੀ ਪਾਏ ਜਾ ਰਹੇ ਡੇਰਾ-ਵਾਦੀ ਭਰਮ-ਰੌਲੇ ਬਾਰੇ ਗੁਰੂਮਤਿ ਦਾ ਸਹੀ ਪੱਖ ਸਪੱਸ਼ਟ ਕਰਨ ਲਈ ਅੱਡਰੇ ਲੇਖ ਦੀ ਲੋੜ ਹੈ । ਪੁਸਤਕ ਦੇ ਪੰਜਵੇਂ ਭਾਗ ਦੇ ਸਤਵੇਂ ਕਾਂਡ ਵਿਚ ਉਹ ਲੇਖ ਲਿਖਿਆ ਗਿਆ ਹੈ । ਪਾਠਕਾਂ ਨੇ ਚਾਹਿਆ ਤਾਂ ਉਹ ਲੇਖ ਵੀ ਅਖ਼ਬਾਰਾਂ ਵਾਲਿਆਂ ਨੂੰ ਦੇ ਦਿੱਤਾ ਜਾਵੇਗੈ}

**(੩)** ਸਫ਼ਾਈ ਰੱਖਣ ਵਾਲੇ ਜ਼ਰੂਰੀ ਨਿਯਮ ਨੂੰ, ਉਸ **ਉਚੇਚੀ ਸੁੱਚਮ** ਦੇ ਦੁਖਦਾਈ **ਕਰਮਕਾਂਡੀ-ਭਰਮ** ਤੋਂ ਨਿਰਲੇਪ ਰੱਖਣਾ, ਜਿਹੜਾ ਕਈ ਸਦੀਆਂ ਤੋਂ ਲੁੱਟ-ਖਾਣੇ ਪ੍ਰੋਹਿਤ ਨੇ ਪਾਇਆ ਹੋਇਆ ਸੀ । [ਯਾਦ ਰਹੇ ਕਿ ਬ੍ਰਾਹਮਣੀ ਭਰਮ ਵਾਲੀ **ਸੁੱਚ** ਅਤੇ **ਜੂਠ** ਲਫ਼ਜ਼ ਅਰਬੀ ਫ਼ਾਰਸੀ, ਅੰਗ੍ਰੇਜ਼ੀ, ਜਰਮਨੀ, ਆਦਿ ਕਿਸੇ ਜ਼ਬਾਨ ਦੇ ਸ਼ਬਦ ਕੋਸ਼ ਵਿਚ ਨਹੀਂ ਮਿਲਦੇ । ਬ੍ਰਾਹਮਣਾ ਵਾਲੀ, ਅਥਵਾ ਅਜੋਕੇ **ਬਿਬੇਕੀਆਂ** ਅਤੇ **ਡੇਰਾਵਾਦੀ ਸਾਧਾ ਸੰਤਾਂ ਵਾਲੀ** "ਸੁੱਚ " ਅਤੇ "ਜੂਠ" ਸ਼ਾਇਦ ਹੀ ਹੈ ਜੋ ਸਾਰੇ ਸੰਸਾਰ ਦੇ ਕਿਸੇ ਧਰਮ ਵਿਚ ਹੋਵੇ । ਅਜੇਹੀ " ਸੁੱਚ " ਦਾ ਅਤੇ " ਜੂਠ " ਮੰਨਣ ਦਾ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਵੀ ਨਹੀਂ ਮਿਲਦਾ ।

ਨਿਤ ਸਵੇਰੇ ਗੁਰੂ ਘਰਾਂ ਵਿਚ ਗਾਈ ਜਾਣ ਵਾਲੀ ਸ੍ਰੀ ਆਸਾ ਜੀ ਦੇ ਵਾਰ ਦੇ ਸਲੋਕ, ਜਿਸ ਵਿਚ ਉਚੇਚੀ ਸੁੱਚਮ ਦੇ ਪਖੰਡ-ਰੋਗ ਦਾ ਜ਼ਿਕਰ ਕਰਕੇ ਸਾਨੂੰ ਵਡਮੁੱਲਾ ਉਪਦੇਸ਼ ਦਿੱਤਾ ਹੈ । ਗੁਰਸਿੱਖਾਂ ਤੋਂ ਇਹ ਆਸ ਕਿਵੇਂ ਕੀਤੀ ਜਾਵੇ ਕਿ ਉਨ੍ਹਾਂ ਨੂੰ ਇਸ ਪਾਵਨ ਸਲੋਕ ਦੀ ਅਸਲ ਮਨਸ਼ਾ ਦਾ ਗਿਆਨ ਨਹੀਂ ਹੈ ?

(ੳ) **ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥**
**ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ, ਕਿਸੁ ਏਹੁ ਲਗਾ ਦੋਖੁ ॥**
**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥**
**ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**
**ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਇ ॥ ੧ ॥**[੪੭੩]ਵਾਰ-੧੯

ਅਤੇ ਹੋਰ ਵੀ ਵਡੇ ਸੁਚਾਚਾਰੀ ਲਈ ਸਤਿਗੁਰਾਂ ਦਾ ਫ਼ੁਰਮਾਨ:--

(ਅ) **ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥**
**ਗੰਗਾ ਕਾ ਉਦਕੁ ਕਰੰਤੇ ਕੀ ਆਗਿ ਗਰੁੜਾ ਖਾਣਾ ਦੁਧ ਸਿਉ ਗਾਡਿ ॥ ੧ ॥**
**ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥ ੧ ॥ ਰਹਾਉ ॥** [੧੧੯੮]-੩

ਪਰਚਲਤ ਕਹਾਵਤ ਹੈ ਕਿ ਸੋਨਾ ਅਤੇ ਚਾਂਦੀ ਨਾ ਕਦੇ ਜੂਠੇ ਹੁੰਦੇ ਹਨ ਅਤੇ ਨਾ ਹੀ ਭਿੱਟੇ ਜਾ ਸਕਦੇ ਹਨ । (ਉਚੇਚੀ ਪਵਿਤ੍ਰਤਾ ਰੱਖਣ ਵਾਲਾ ਮਨੁੱਖ ਜੇ) ਸੋਨੇ ਦਾ ਚੌਕਾ (ਤਿਆਰ ਕਰੇ), ਸੋਨੇ ਦੇ ਹੀ (ਉਸ ਵਿਚ) ਭਾਂਡੇ ਵਰਤੇ, (ਚੌਂਕੇ ਨੂੰ ਸੁੱਚਾ ਰੱਖਣ ਲਈ ਉਸ ਦਾਆਲੇ) ਚਾਂਦੀ ਦੀਆਂ ਲਕੀਰਾਂ ਪਾਏ (ਤੇ ਸੁੱਚ ਵਾਸਤੇ) ਇਹੋ ਜਿਹੇ ਹੋਰ ਕਈ ਕੰਮਾਂ ਦਾ ਖਿਲਾਰਾ (ਖਿਲਾਰੇ), (ਭੋਜਨ ਤਿਆਰ ਕਰਨ ਲਈ ਜੇ ਉਹ) ਗੰਗਾ ਦਾ (ਪਵਿੱਤ੍ਰ) ਜਲ ਲਿਆਵੇ, ਅਤੇ (ਪਵੱਤਿਰ ਮੰਨੀ ਹੋਈ) ਅਰੁਣ ਦੀਆਂ ਲੱਕੜਾਂ ਦੀ ਅੱਗ (ਤਿਆਰ ਕਰੇ), ਜੇ ਉਹ (ਪਵਿੱਤ੍ਰ ਮੰਨੇ ਗਏ) ਦੁੱਧ ਵਿਚ ਰਲਾ ਕੇ ਰਿੱਝੇ ਹੋਏ ਚੌਲਾਂ ਦਾ ਭੋਜਨ ਕਰੇ, (ਤਾਂ ਵੀ) ਹੇ ਮਨ ! ਅਜੇਹੇ ਸੁੱਚ ਦੇ ਕੋਈ ਵੀ ਅਡੰਬਰ ਸੱਚੀ ਦਰਗਾਹ ਵਿਚ ਪਰਵਾਨ ਨਹੀਂ ਹੁੰਦੇ । ਜਦੋਂ ਤੱਕ ਮਨੁੱਖ ਪ੍ਰਭੂ ਦੇ ਸੱਚੇ ਨਾਮ ਵਿਚ ਨਹੀਂ ਭਿੱਜਦਾ (ਪ੍ਰੀਤਿ ਨਹੀਂ ਪਾਉਂਦਾ,) ਉਸ ਦਾ ਕੋਈ ਵੀ ਉ– ਦਮ ਪ੍ਰਭੂ ਨੂੰ ਪਸੰਦ ਨਹੀਂ । ੧ ।

ਜਜਮਾਨਾਂ ਵਲੋਂ ਰਸੋਈ ਵਿਚ ਰੱਖੀ ਉਚੇਚੀ " ਸੁੱਚਮ ' ਤੇ ਵੀ ਭਰੋਸਾ ਨਾ ਕਰਕੇ ਸੂਚਾਚਾਰੀ ਬ੍ਰਾਹਮਣ ਨੇ ਭੋਜਨ ਛਕਣ ਲਈ ਚੌਂਕੇ ਵਿਚ ਬੈਠਣ ਲੱਗਿਆਂ, ਆਪਣੀ ਧੋਤੀ ਦਾ ਕੁਝ ਹਿੱਸਾ ਹੇਠਾਂ ਵਿਛਾ ਲਿਆ । ਪੰਚਮ ਗੁਰੂ ਨਾਨਕ ਸਾਹਿਬ ਨੇ ਉਸ ਕਥਿਤ ਸੁੱਚੇ ਪ੍ਰੋਹਿਤ ਜੀ ਨੂੰ ਗਰਧਪ ਭਾਵ **ਗਧੇ** (ਖੋਤੇ) ਵਾਂਗ ਢਿੱਡ ਭਰੀ ਜਾਣ ਵਾਲਾ ਕਹਿ ਕੇ ਸ਼ਬਦ ਉਚਾਰਨ ਕੀਤਾ---**ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟ ॥ ੧ ॥ ਬਿਨੁ ਕਰਤੂਤੀ ਮੁਕਤਿ ਨ ਪਾਈਐ ॥ ਮੁਕਤਿ ਪਦਾਰਥੁ ਨਾਮੁ ਧਿਆਈਐ ॥ ੧ ॥ ਰਹਾਉ** ॥[੨੦੧] ਸਾਰੇ ਸ਼ਬਦ ਵਿਚ ਉਚੇਚੀ ਸੁੱਚਮ ਰੱਖਣ

ਵਾਲੇ ਪ੍ਰੋਹਿਤ ਦੀਆਂ ਨੀਚ ਕਰਤੂਤਾਂ ਨੰਗੀਆਂ ਕੀਤੀਆਂ ਹਨ ।

ਸਤਿਗੁਰਾਂ ਦੇ ਬੇਅੰਤ ਉਪਕਾਰਾਂ ਦੀ ਅਤੇ ਉਨ੍ਹਾਂ ਦੀ ਤਾੜਨਾ {ਜਬ ਇਹ ਗਹੇ ਬਿੱਪ੍ਰਨ ਕੀ ਰੀਤ ॥ ਮੈ ਨਾ ਕਰੋਂ ਇਨ ਕੀ ਪਰਤੀਤ } ਨਾ ਕਰਕੇ ਬਿੱਪ੍ਰਨ ਕੀ ਰੀਤ ਦੇ ਧਰਾਨੀ ਬਣ ਕੇ ਸਤਿਗੁਰਾਂ ਲਈ ਬੇਪ੍ਰਤੀਤੇ ਬਣ ਚੁੱਕੇ ਹਾਂ । ਪਰਤੀਤ ਜਿਤਣ ਲਈ ਬ੍ਰਾਹਮਣੀ ਰੀਤਾਂ ਦਾ ਤਿਅਗ ਕਰਨਾ ਹੋਵੇਗਾ । ਅੱਜ ਹਾਲਤ ਇਹ ਬਣ ਚੁੱਕੀ ਹੈ ਕਿ ਜੇ ਸਤਿਗੁਰ ਜੀ ਉਵੇਂ ਹੀ ਬੇਬੇ ਨਾਨਕੀ ਦੇ ਵੀਰ ਬਣ ਕੇ ਅਵਤਾਰੀ ਹੋ ਜਾਣ ਤਾਂ ਸਾਡੇ ਜਿਹੇ--ਧਰਤੀ ਲਈ ਭਾਰ ਬਣੇ ਹੋਏ ਵਡੇ ਅਕ੍ਰਿਤਘਣਾਂ [ਭਾਰੇ ਭੁਇੰ ਅਕ੍ਰਿਤਘਣ] ਵਿਚ ਇਕ ਸੁਆਸ ਲੈਣਾ ਵੀ ਪਸੰਦ ਨਾ ਕਰਨ । ਜੋ ਕੁਝ ਉਨ੍ਹਾਂ ਨੇ ਕਦੇ ਬ੍ਰਾਹਮਣ ਨੂੰ ਸੰਬੋਧਨ ਕਰਕੇ ਕਿਹਾ ਸੀ ਅੱਜ ਸਾਨੂੰ ਸੰਬੋਧਨ ਕਰਕੇ ਕਈ ਗੁਣਾ ਵੱਧ ਕਰੜੇ ਸ਼ਬਦਾਂ ਵਿਚ ਵੀ ਸਿਖਿਆ ਦੇਣੀ ਜੇ ਮੰਨ ਜਾਣ, ਤਾਂ ਸਮਝੋ ਕਿ ਅਜੇ ਵੀ ਸਾਡੀ ਕਿਸਮਤ ਚੰਗੀ ਹੈ । ਅਜ ਤਾਂ ਕਿਸੇ ਨਾਸਤਕ ਨਾਲ ਤਾਂ ਭਾਵੇਂ ਗੁਰਦੇਵ ਜੀ ਹੱਸ ਕੇ ਬੋਲ ਪੈਣ ਪਰ ਅਸੀਂ ਇਸ ਹੱਦ ਤੱਕ ਗਿਰ ਚੁੱਕੇ ਹਾਂ ਕਿ ਸਤਿਗੁਰੂ ਜੀ ਸਾਡਾ ਮੂੰਹ ਵੇਖਣਾ ਵੀ ਪਸੰਦ ਨਹੀਂ ਕਰਨ ਲੱਗੇ । ਅਸੀਂ ਇਸ ਦੂਸ਼ਨ ਤੋਂ ਕਿਸ ਦਲੀਲ ਨਾਲ ਮੁਕਤ ਹੋ ਸਕਦੇ ਹਾਂ ਕਿ--"ਗੁਰੂ ਦੇ ਲੰਗਰ ਦੀ ਮਰਯਾਦਾ ਦੇ ਉਪ੍ਰੋਕਤ ਪੱਖ ਦੀ ਵੀ ਖੰਡਨਾ ਕਰੀ ਜਾਣ ਨੂੰ ਅਸੀਂ ਆਪਣਾ ਹੱਕ ਮੰਨ ਚੁੱਕੇ ਹਾਂ ?

**(੪)** ਨਿਆਰੇ ਸਤਿਗੁਰਾਂ ਨੇ ' ਰਾਜਾ ਰੰਕ ਬਰਾਬਰੀ " ਵਾਲਾ ਨਿਆਰਾ ਸਿਧਾਂਤ ਕਾਇਮ ਕਰਨ ਲਈ ਲੰਗਰ ਵਿਚ ਸਾਂਝੀਵਾਲਤਾ ਦਾ ਅਤੇ ਸਾਰਿਆਂ ਨੇ **ਰਲ ਮਿਲ ਕੇ ਇੱਕ ਪੱਧਰ ਤੇ** ਬੈਠ ਕੇ ਲੰਗਰ ਛਕਣਾ ਦੀ ਮਰਯਾਦਾ ਬਣਾਈ । ਜੇ ਰਾਜਾ ਤਖ਼ਤ ਤੇ ਬੈਠ ਕੇ ਖਾਣਾ ਚਾਹੁੰਦਾ ਹੈ ਤਾਂ ਗ਼ਰੀਬੜਾ ਕਿਰਤੀ ਵੀ ਉਸ ਦੇ ਨਾਲ ਹੀ ਤਖ਼ਤ ਤੇ ਬੈਠ ਕੇ ਲੰਗਰ ਛਕੇ ਭਾਵ, ਸਮਾਨਤਾ ਦਾ ਸਿਧਾਂਤ ਕੇਵਲ ਸਿਖੀ ਦੇ ਧਰਮ ਅਸਥਾਨਾ ਤੱਕ ਹੀ ਸੀਮਤ ਰੱਖਣ ਦੀ ਗਲ ਨਹੀਂ ਸੀ ਸਗੋਂ ਜਿੰਗਦੀ ਦੇ ਹਰ ਪੱਖ ਵਿਚ ਇਸ ਸਿਧਾਂਤ ਦੀ ਪਾਲਣਾ ਦਾ ਹੁਕਮ ਹੈ ।

ਅਸੀਂ ਪਿਛੇ ਸਮਝ ਆਏ ਹਾਂ ਕਿ ਕਿਸੇ ਕਾਮਨਾਂ ਦੇ ਅਧੀਨ ਕੀਤਾ ਧਰਮ-ਕਰਮ ਕੇਵਲ ਨਿਸਫ਼ਲ ਹੀ ਨਹੀਂ ਸਗੋਂ ਮਨੁੱਖ ਦੇ ਮਨ ਵਿਚ ਹੰਕਾਰ ਪੈਦਾ ਕਰਦਾ ਹੈ । ਸੋ ਜੇ ਕੇਵਲ ਹੰਕਾਰ ਦੀ ਪਰਦਰਸ਼ਨੀ ਕਰਨ ਲਈ ਕੋਈ ਧਰਮ-ਕਰਮ ਕੀਤਾ ਜਾਵੇ ਤਾਂ ਆਤਮਕ ਮੌਤ ਸਹੇੜਨ ਵਾਲੀ ਕਰਤੂਤ ਹੁੰਦੀ ਹੈ । ਸਮਾਨਤਾ ਅਥਵਾ ਬਰਾਬਰਤਾ ਵਾਲੇ ਗੁਰਮਤਿ ਸਿੰਧਾਂਤ ਦੇ ਅਸਲ ਮਨਸ਼ੇ ਨੂੰ ਭੁੱਲ ਭੁਲਾ ਕੇ ਗੁਰ ਦੁਆਰੇ ਲੰਗਰ ਛਕਣ ਲਗਿਆਂ **ਪੰਗਤ ਵਿਚ ਭੁੰਜੇ ਬਹਿਣ ਨੂੰ ਸਿੱਖੀ ਧਰਮ ਦਾ ਹਿੱਸਾ ਅਥਵਾ ਧਰਮ ਕਰਮ ਮੰਨਣਾ ਗੁਰਮਤਿ ਨਹੀਂ ਸਗੋਂ ਬ੍ਰਾਹਮਣੀ ਕਰਮ-ਕਾਂਡ ਹੈ ।** ਵਿਖਾਵੇ ਵਾਲੇ ਧਰਮ-ਕਰਮ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਹੈ-**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧ ॥**[੬੪੧] ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਪਿੱਛਾ ਤਾਂ ਕੀ ਛੁਟਣਾ ਸੀ, ਸਗੋਂ ਅਜੇਹੇ ਕਾਮਨਾ ਗ੍ਰਸੇ ਕਰਮਾ ਨਾਲ ਹੰਕਾਰ ਹੋਰ ਵੀ ਵਧ ਜਾਂਦਾ ਹੈ । ਮਨ ਵਿਚ ਹਉਮੈ ਵਾਲੀ ਬੁਧ ਵਧਾਉਂਦਾ ਹੈ । ਅਤੇ ਮਨੁੱਖ ਭਾਵੇਂ ਅੰਮ੍ਰਿਤਧਾਰੀ ਹੀ ਹੋਵੇ, ਜਿਥੇ ਹਉਮੈ ਹੈ ਉਸ ਹਿਰਦੇ ਵਿਚ ਵਾਹਿਗੁਰੂ ਦਾ ਵਾਸਾ ਨਹੀਂ ਹੋ ਸਕਦਾ--**ਹਉਮੈ ਨਾਵੈ ਨਾਲ ਵਿਰੋਧੁ ਹੈ ਦੋਇ ਨ ਵਸਹਿ ਇਕ ਥਾਇ ॥** ਜਿਥੇ ਰੱਬ ਦਾ ਵਾਸਾ ਨਹੀਂ ਉਥੇ ਵਿਕਾਰਾਂ ਦੀ ਰੌਣਕ ਵਧਦੀ ਹੈ । ਅਤੇ ਰੱਬ ਤੋਂ ਟੁਟਿਆਂ ਲੋਭੀ **ਹੰਕਾਰੀਆਂ** ਨੂੰ ਗੁਰਮਤਿ ਨੇ ' **ਸਾਕਤ** " ਕਿਹਾ ਹੈ--**ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥**[੧੩] ਹਉਮੈ ਰੱਬ ਤੋਂ ਤੋੜ ਕੇ ਮਨੁੱਖ ਨੂੰ ਸਾਕਤ ਬਣਾ ਦਿੰਦੀ ਹੈ । ਸਾਕਤ ਮਨੁੱਖ ਝੂਠਾ ਹੁੰਦਾ ਹੈ ਅਤੇ ਉਸ ਨੂੰ ਸੱਚ ਚੰਗਾ ਨਹੀਂ ਲੱਗਦਾ--**ਸਾਕਤ ਕੂੜੇ ਸਚੁ ਨ ਭਾਵੈ ॥** [੧੦੯] ਸਤਿਗੁਰੂ ਗ੍ਰੰਥ ਸਾਹਿਬ ਨੇ ਹੰਕਾਰ ਗ੍ਰਸੇ ਸਾਕਤ ਮਨੁੱਖ ਨੂੰ ਅਜੇਹੀ ਕਾਲੀ ਕੰਬਲੀ ਕਿਹਾ ਹੈ ਜੋ ਧੋਤਿਆਂ ਕਦੇ ਚਿੱਟੀ ਨਹੀਂ ਹੋ ਸਕਦੀ--**ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ॥** [੧੩੬੯] ਅੰਗ ਸੰਗ ਹੁੰਦੇ ਸਿਰਜਣਹਾਰ ਨੂੰ ਲੋਭੀ ਸਾਕਤ ਨਰ ਉਸ ਨੂੰ ਸਦਾ ਦੂਰ ਹੀ ਸਮਝਦਾ ਹੈ ਅਤੇ ਨਿਰਭੈ ਹੋ ਕੇ ਝਗੜੇ ਸਹੇੜਦਾ ਹੈ--**ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥ ੩ ॥**[੧੧੨੨] ਹੰਕਾਰੀ-ਲੋਭੀ-ਕੁਤਾ-ਸਾਕਤ (ਬੇਸ਼ਕ ਅੰਮ੍ਰਿਤਧਾਰੀ ਹੀ ਹੋਵੇ), ਉਸ ਲਈ ਬੇਅੰਤ ਗੁਰੂਸ਼ਬਦਾਂ ਵਿਚੋਂ ਕੁਝ ਫ਼ੁਰਮਾਨ ਇਸ ਪ੍ਰਕਾਰ ਹਨ --

੧) **ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥**
**ਆਪਨ ਸੁਆਇ ਕਰਹਿ ਬਹੁ ਬਾਤਾ ਤਿਨ ਕਾ ਵਿਸਾਹੁ ਕਿਆ ਕੀਜੈ ॥ ੬ ॥** [੧੩੨੬]-੫

**ਅਰ**ਥ:--ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ ਬਹੁਤ ਲੋਭੀ ਹੁੰਦੇ ਹਨ, ਕੁੱਤੇ (ਦੇ ਸੁਭਾਵ ਵਾਲੇ)( ਕਹੇ ਜਾਂਦੇ ਹਨ, (ਉਨ੍ਹਾਂ ਦੇ ਅੰਦਰ) ਖੋਟੀ ਮਤਿ ਦੀ ਮੈਲ ਸਦਾ ਭਰੀ ਰਹਿੰਦੀ ਹੈ । (ਸਾਕਤ ਮਨੁੱਖ) ਆਪਣੀ ਗ਼ਰਜ਼ ਦੀ ਖ਼ਾਤਰ ਬਹੁਤ ਗੱਲਾਂ ਕਰਦੇ ਹਨ, ਪਰ ਉਨ੍ਹਾਂ ਦਾ ਇਤਬਾਰ ਨਹੀਂ ਕਰਨਾ ਚਾਹੀਦਾ ।

ਗੁਰਮਤਿ ਦਾ ਇਹ ਅਟੱਲ ਸਿਧਾਂਤ ਹੈ ਕਿ ਜਿਥੇ ਹਉਮੈ ਹੈ ਉਥੇ ਰੱਬ ਦਾ ਨਾਮ ਕਦੇ ਨਹੀਂ ਟਿਕ ਸਕਦਾ । ਡੇਰਾਵਾਦੀ ਸਾਧਾਂ ਤੋਂ ਬਣਿਆਂ **ਹੰਕਾਰੀ ਅੰਮ੍ਰਿਤਧਾਰੀ,** ਦਾ ਕੀਤਾ ਬਾਣੀਆਂ ਦਾ ਪਾਠ ਵੀ ਕਰਮ-ਕਾਂਡ ਹੀ ਹੈ । ਆਪਾ ਭਾਵ ਮਾਰੇ ਬਿਨਾ, ਮਰਜੀਵਾ ਹੋਏ ਬਿਨਾ, ਪ੍ਰਭੂ ਦੇ ਨਾਮ ਨਾਲ ਪਿਆਰ ਨਹੀ ਬਣ ਸਕਦਾ । ਬਿਨਾ ਹਿਰਦੇ ਵਿਚ ਸੱਚੀ ਸ਼ਰਧਾ ਅਤੇ ਪਿਆਰ ਦੇ ਪ੍ਰਭੂ ਦੇ ਨਾਮ ਦਾ ਜਾਪ ਕਰਮਕਾਂਡੀ ਪਖੰਡ ਹੈ । **ਕਿਉਂਕਿ--ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥ ੮ ॥** [੫੬੫]-੨ ਦਸ਼ਮੇਸ਼ ਦਾ ਫ਼ੁਰਮਾਨ---**ਜਾਪ ਕੇ ਕੀਏ ਤੇ, ਜੋ ਪੈ ਪਾਯਤ ਅਜਾਪ ਦੇਵ, ਪੂਦਨਾ ਸਦੀਵ, ਤੁਹੀ ਤੁਹੀ ਉਚਰਤ ਹੈ** ॥ ਸਾਕਤ ਬਣ ਚੁੱਕਾ ਮਨੁੱਖ, ਪੰਚਮ ਪਾਤਿਸ਼ਾਹ ਜੀ ਦੀਆਂ ਨਜ਼ਰਾਂ ਵਿਚ:--

੨) **ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥ ੧ ॥ [**੨੩੯]-੭

ਕੇਵਲ ਗੁਰ ਦੁਆਰੇ ਆ ਜਾਣਾ ਸਤਿਸੰਗਤ ਦਾ ਮਿਲਾਪ ਨਹੀਂ ਹੈ । ਸਤਿ ਪ੍ਰਭੂ ਹੈ, ਸਤਿ ਗੁਰਬਾਣੀ ਹੈ--**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੇ ਜੇ ਮਨੁ ਰਹੈ ਹਦੂਰਿ ॥**[੮੪]- ਜੇ ਗੁਰਦੁਆਰੇ ਆ ਕੇ ਗੁਰਬਾਣੀ ਵਿਚਾਰ ਤੋਂ ਗਿਆਨ ਦੀ ਸੋਝੀ ਲੈ ਕੇ ਆਪਣੀ ਜੀਵਨ-ਜੁਗਤ ਗੁਰਮਤਿ ਅਨੁਸਾਰ ਢਾਲ ਲੈਣ ਦੀ ਸੱਧਰ ਨਹੀਂ ਹੈ ਤਾਂ ਜੁੱਤੀ ਚੋਰ ਵੀ ਗੁਰਦੁਆਰੇ ਹੀ ਆਏ ਹੰਦੇ ਹਨ । ਫਿਰ ਤੱਪੜਾਂ ਤੇ ਬੇਠਣ ਲਈ ਮਜਬੂਰ ਕਰਨ ਵਾਲਿਆਂ ਜਿੰਨ੍ਹਾਂ ਨੇ ਸਰੀ ਦੇ ਗੁਰਦਆਰੇ ਵਿਚ ਸਤਿਗੁਰਾਂ ਦੇ ਬਚੇ ਬਚੀਆਂ (**ਤਮ ਮਾਤ ਪਿਤਾ ਹਮ ਬਾਰਿਕ ਤੇਰੈ**--ਗ਼ਰੀਬ ਅਮੀਰ, ਗੁਰੂ ਵਾਲੇ ਨਿਗੁਰੇ ਸਾਰੇ ਉਸੇ ਦੀ ਅਉਲਦ ਹਨ] ਨੂੰ ਕਿਰਪਾਨਾ ਆਦਿ ਨਾਲ ਜ਼ਖ਼ਮੀ ਕੀਤਾ ਸੀ ਉਹ ਵੀ ਤਾਂ ਘਰੋਂ ਗੁਰੂਦੁਆਰੇ ਹੀ

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾ.ਗ ਸੇ**

ਆਏ ਸਨ । ਗੁਰਦੁਆਰੇ ਆਉਣ ਦੀ ਸ਼ਰਤ ਤਾਂ ਇਹ ਹੈ--**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥**[੧੧੦੨]--ਸਰੀਰਕ ਮੌਤ ਦੀ ਗੱਲ ਨਹੀਂ ਹੈ, ਹਉਮੈ ਭਰਿਆ ਆਪਾ-ਭਾਵ ਛੱਡਣ ਦੀ ਗੱਲ ਹੈ । ਸਾਰਿਆਂ ਦੇ ਚਰਣਾ ਦੀ ਧੂੜ ਬਣਨਾ ਹੁੰਦਾ ਹੈ । ਸਭਨਾ ਅਥਵਾ ਸਰਬੱਤ ਵਿਚ ਉਹ ਵੀ ਆਉਂਦੇ ਹਨ ਜਿਹੜੇ ਗੁਰ ਦੇ ਲੰਗਰ ਵਿਚ ਕੁਰਸੀਆਂ ਮੇਜ਼ ਲਿਆ ਰਹੇ ਸਨ ।

੩) **ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ ॥**

**ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥ ੭ ॥** [੧੩੨੫]

ਹੰਕਾਰੀ ਮਨੁੱਖ ਦਾ ਪ੍ਰਭੂ ਨਾਲ ਨੇੜ ਕਦੇ ਨਹੀਂ ਬਣ ਸਕਦਾ । ਅਜੇਹੇ ਸਾਕਤ ਦਾ ਤਾਂ ਦਰਗਾਹੋਂ ਹੀ ਮਾਨੋਂ ਰਗੜ ਕੇ ਨੱਕ ਵਢਿਆ ਜਾ ਚੁੱਕਾ ਹੁੰਦਾ ਹੈ । ਭਾਵੇਂ ਪੰਜ ਕਕਾਰਾਂ ਦਾ ਰਹਿਤੀ ਹੀ ਹੈ ਪਰ ਹੰਕਾਰੀ ਸਾਕਤ ਦੀ ਜਿੰਦਗੀ ਨੂੰ ਸਤਿਗੁਰਾਂ ਫਿਟਕਾਰ-ਜੋਗ ਫ਼ੁਰਮਾਨ ਕੀਤਾ ਹੈ ।

੪) **ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ ॥**

**ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ ॥ ੫ ॥** [੬੮੧]-੩

**ਅਰਥ:**--ਹੇ ਮਨ ! (ਹਉਮੈ ਗ੍ਰਸੇ) ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਭੁਲਾ ਦਿੱਤਾ ਹੋਇਆ ਹੈ (ਉਹ ਸਾਕਤ ਹੈ, ਉਸ) ਸਾਕਤ ਨਾਲ ਕਦੇ ਸਾਂਝ ਨਹੀ ਪਾਣੀ ਚਾਹੀਦੀ । ਕਿਉਂਕਿ ਸਾਕਤ ਦੇ ਬਚਨਾਂ ਨਾਲ ਮਨ ਇਉਂ ਡੰਗਿਆ ਜਾਂਦਾ ਹੈ ਜਿਵੇਂ ਸੱਪ-ਠੂਹੇਂ ਦੇ ਡੰਗ ਨਾਲ । ਸਾਕਤ ਦਾ ਸੰਗ ਛੱਡ ਕੇ ਉਸ ਤੋਂ ਪਰੇ ਹੀ ਪਰੇ ਰਹਿਣਾ ਚਾਹੀਦਾ ਹੈ ।

ਹੰਕਾਰੀ ਮਨੁੱਖ (ਭਾਵੇਂ ਅੰਮ੍ਰਿਧਾਰੀ ਹੀ ਹੈ) ਕਿਉਂਕਿ ਹਉਮੈ ਦੇ ਕਾਰਨ **ਸਾਕਤ** ਬਣ ਚੁੱਕਾ ਹੈ, ਇਸ ਲਈ ਉਸ ਦਾ ਸੰਗ ਕਰਨਾ ਤਾਂ ਕਿਤੇ ਰਿਹਾ (ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ, ਕਿ) ਉਸ ਤੋਂ ਦੂਰੋਂ ਹੀ ਦੌੜ ਜਾਣਾ ਚਾਹੀਦਾ ਹੈ । ਜਿਵੇਂ ਕਾਲੇ ਬਰਤਣ ਨੂੰ ਫੜਿਆਂ ਕੁਝ ਨਾ ਕੁਝ ਕਾਲਖ ਜ਼ਰੂਰ ਲੱਗ ਜਾਂਦੀ ਹੈ, ਏਸੇ ਤਰ੍ਹਾਂ ਬੇਦਲੀਲਾ ਸਾਕਤ, ਅਵੱਲ ਤਾਂ ਤੁਹਾਡੀ ਜਾਨ ਹੀ ਲੈ ਲੈਣ ਦਾ ਯਤਨ ਕਰੇਗਾ, ਨਹੀਂ ਤਾਂ ਤੁਹਾਡਾ ਮਨ ਦੁਖੀ ਕਰਨ ਵਾਲੀ ਹਰਕਤ ਕਰਨ ਤੋਂ ਕਦੇ ਨਹੀਂ ਰਹਿ ਸਕਦਾ ।

੫) **ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥**

**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ੧੩੧॥** [੧੩੭੧]

ਇਸ ਗੱਲ ਵਿਚ ਜ਼ਰਾ ਵੀ ਸ਼ੱਕ ਨਹੀਂ ਕਿ ਤੱਪੜਾਂ ਤੇ ਬੈਠ ਕੇ ਲੰਗਰ ਛਕਣ ਵਾਲੇ ਆਪਣੇ ਆਪ ਨੂੰ ਕੁਰਸੀਆਂ ਤੇ ਬੈਠ ਕੇ ਲੰਗਰ ਛਕ ਰਹਿਆਂ ਨਾਲੋ ਵਡੇ ਧਰਮੀ ਸਮਝਣ ਦੇ ਹੰਕਾਰ ਵਿਚ ਹੁੰਦੇ ਹਨ । ਜੇ ਕੁਰਸੀ ਤੇ ਬੈਠ ਕੇ ਲੰਗਰ ਛਕਣ ਵਾਲਾ ਆਪਣੇ ਮਨ ਅੰਦਰ ਸਤਿਗੁਰਾਂ ਦਾ ਭੈ ਰੱਖਦਾ ਹੋਇਆ ਇਹ ਮੰਨ ਰਿਹਾ ਹੈ ਕਿ ਸ਼ਾਇਦ ਭੁੰਜੇ ਤੱਪੜਾਂ ਤੇ ਬਹਿ ਕੇ ਲੰਗਰ ਛਕਣ ਵਾਲੇ ਮੈਥੋਂ ਉਚੇ ਹੀ ਹੋਣ, ਤਾਂ ਉਹ ਤੱਪੜਾਂ ਤੇ ਬੈਠੇ ਲੰਗਰ ਛਕ ਰਹਿਆਂ (ਭਾਵੇਂ ਉਹ ਅੰਮ੍ਰਿਤਧਾਰੀ ਅਤੇ ਬਾਣੀ ਬਾਣੇ ਦੇ ਧਾਰਨੀ ਵੀ ਹੋਣ ਫਿਰ ਵੀ ਉਨ੍ਹਾਂ) ਹੰਕਾਰੀਆਂ ਨਾਲੋ ਉਹ ਕਈ ਗੁਣਾ ਚੰਗਾ ਹੈ । ਮਨੁੱਖ ਲਈ ਸਤਿਗੁਰਾਂ ਦਾ ਉਪਦੇਸ਼ ਤਾਂ ਇਹ ਹੈ---**ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥ ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥ ੮ ॥** [੧੦੧੫]-੨-੧੦ ਭਾਵ, ਜਿਹੜੇ ਮਨੁੱਖਾਂ ਨੇ ਗੁਰੂ ਦੇ ਹੁਕਮ ਤੇ ਚਲ ਕੇ ਹਉਮੈ ਦੂਰ ਕਰ ਲਈ ਉਹ ਪ੍ਰਭੂ ਵਰਗੇ ਹੀ ਬਣ ਗਏ । ਅਤੇ ਫਿਰ ਅਜੇਹੇ ਕਰਮਾਂ ਵਾਲਿਆਂ ਨੂੰ ਸਮਝ ਆ ਜਾਂਦੀ ਹੈ ਕਿ ਅਸੀਂ ਕਿਸੇ ਨਾਲੋਂ ਚੰਗੇ ਨਹੀਂ ਆਖਵਾ ਸਕਦੇ ਅਤੇ ਸੰਸਾਰ ਦਾ ਕੋਈ ਮਨੁੱਖ ਸਾਥੋਂ ਮਾੜਾ ਨਹੀਂ ਹੈ । ਯਥਾ--**ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ॥** [੭੨੮]-੧-੨ ਨਿਰਮਤਾ, ਸਮਾਨਤਾ, ਰਾਜਾ-ਰੰਕ ਬਰਾਬਰੀ ਦੇ ਸਿਧਾਂਤ ਦੀ ਖੰਡਨਾ ਨਹੀਂ ਹੋਣੀ ਚਾਹੀਦੀ ।

ਇਹ ਗੱਲ ਭੁੱਲ ਜਾਣੀ ਵਡੀ ਬਦਕਿਸਮਤੀ ਹੋਵੇਗੀ, ਅਥਵਾ ਇਹ ਸਮਝਣਾ ਮਨਮੁਖਤਾਈ ਹੈ, ਕਿ ਲੰਗਰ ਦੇ ਨਿਯਮ ਕੇਵਲ ਸਿਖੀ ਦੇ ਧਰਮ-ਅਸਥਾਨਾ (ਗੁਰਦੁਆਰਿਆਂ) ਤੱਕ ਹੀ ਸੀਮਤ ਹਨ । ਗੁਰ-ਸਿੱਖ ਦੀ ਸ਼ਖ਼ਸੀ ਰਹਿਣੀ ਵੀ ਓਸੇ ਅਨੁਸਾਰ ਹੋਣੀ ਚਾਹੀਦੀ ਹੈ । ਗੁਰਦੁਆਰੇ ਦਾ ਮੁਢਲਾ ਨਾਮ " ਧਰਮ-ਸ਼ਾਲਾ " ਭਾਵ, ਧਰਮ ਅਤੇ ਗੁਰਮਤਿ ਮਰਯਾਦਾ ਸਿੱਖਣ ਦਾ ਥਾਂ ਸੀ । ਗੁਰਦੁਆਰੇ ਸੁਖਣਾ ਪੂਰੀਆਂ ਕਰਨ ਦੇ ਸਾਧਨ ਨਹੀਂ ਹਨ, ਇਹ ਸਿੱਖੀ ਦਾ ਮਹਾਂ ਵਿਦਿਆਲੇ ਹੋਣੇ ਚਾਹੀਦੇ ਹਨ । ਗੁਰਸਿੱਖ ਨੇ ਆਪਣਾ ਜੀਵਨ ਏਥੋ ਮਿਲਦੀ ਗੁਰ-ਮਤਿ ਸਿਖਿਆ ਅਨੁਸਾਰ ਢਾਲਣਾ ਹੁੰਦਾ ਹੈ । ਜਿਸ ਘਰ ਵਿਚ ਬੀਬੀਆਂ ਘਰ ਦੀ ਰਸੋਈ ਵਿਚ ਬਣਾਏ ਭੋਜਨ ਨੂੰ " ਗੁਰੂ ਦਾ ਲੰਗਰ " ਸਮਝ ਕੇ ਉਥੇ ਵੀ ਉਪ੍ਰੋਕਤ ਨਿਯਮ ਬਣਾਈ ਰਖਦੀਆਂ ਹਨ, ਅਤੇ ਉਨ੍ਹਾਂ ਦੇ ਇਸ ਉ– ਦਮ ਵਿਚ ਜੇ ਪਤੀ ਵੀ ਉਨ੍ਹਾਂ ਦਾ ਸਾਥ ਦੇਣ ਦੀ ਤੀਬਰ ਰੁਚੀ ਵਾਲਾ ਹੋਵੇ, ਤਾਂ ਅਜੇਹੇ ਜੋੜੇ ਦੀ ਔਲਾਦ ਮਨਮੁੱਖ ਬਣ ਜਾਣ ਦੀ ਭੁੱਲ ਨਹੀਂ ਕਰਦੀ । ਅਜੇਹਾ ਘਰ ਸਵਰਗ ਹੁੰਦਾ, ਪਰ, ਨਿਤ ਦੇ ਲੜਾਈ ਝਗੜੇ ਦਾ ਅੱਡਾ ਬਣਿਆਂ ਗੁਰਦੁਆਰਾ..... ?

ਖ਼ੁਰਾਕ ਖਾਣ ਬਾਰੇ ਗੁਰਬਾਣੀ ਦੀ ਸਿਖਿਆ ਇਸ ਪ੍ਰਕਾਰ ਹੈ--

ਗੁਰਬਾਣੀ-ਸਿਧਾਂਤ ਸਰਬ-ਪ੍ਰਵਲਣਤ, ਸਦੀਵੀ ਸਚਾਈ ਵਾਲਾ ਸਦਾ ਲਈ ਅਟੱਲ ਹੁੰਦੀ ਹੈ । ਜਿਵੇਂ--

੬- **ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥** [੪੭੨]-ਵਾਰ-੧੮

**ਅਰਥ:**--(ਪਦਾਰਥਾਂ ਦਾ ) ਖਾਣਾ ਪੀਣਾ ਵੀ ਪਵਿਤਰ ਹੈ (ਭਾਵ, ਮਾੜਾ ਨਹੀਂ, ਕਿਉਂਕਿ) ਪ੍ਰਭੂ ਨੇ ਆਪ ਇਕੱਠਾ ਕਰਕੇ ਰਿਜ਼ਕ ਜੀਵਾਂ ਨੂੰ ਦਿੱਤਾ ਹੈ ।

੭- **ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ**

**ਸੁਕ੍ਰਿਤੁ ਧਰਮੁ ਕਮਾਇਆ ॥ <u>ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ</u> ॥ ...,੭ ॥** [੪੬੬]

**ਅਰਥ:**--ਜਿਹੜੇ ਸੰਤੋਖੀ ਮਨੁੱਖ ਸਦਾ ਇੱਕ ਪ੍ਰਭੂ ਨੂੰ ਸਿਮਰਦੇ ਹਨ, (ਪ੍ਰਭੂ ਦੀ) ਸੇਵਾ ਉਹੀ ਕਰਦੇ ਹਨ । ਉਹ ਕਦੇ ਮੰਦੇ ਕੰਮ ਦੇ ਨੇੜੇ ਨਹੀਂ ਜਾਂਦੇ, ਭਲਾ ਕੰਮ ਕਰਦੇ ਹਨ ਅਤੇ ਧਰਮ-ਅਨੁਸਾਰ ਆਪਣਾ ਜੀਵਨ ਨਿਬਾਹੁੰਦੇ ਹਨ । ਦੁਨੀਆਂ ਦੇ ਧੰਦਿਆਂ ਵਿੱਚ ਖਚਤ ਕਰਨ ਵਾਲੇ ਮਾਇਆ ਦੇ ਮੋਹ ਦੇ ਜ਼ੰਜੀਰ ਉਨ੍ਹਾਂ ਤੋੜ ਦਿੱਤੇ ਹਨ, <u>ਥੋੜਾ ਖਾਂਦੇ ਹਨ, ਤੇ ਥੋਹੜਾ ਹੀ ਪੀਂਦੇ ਹਨ (ਭਾਵ, ਖਾਣ ਪੀਣ, ਚਸਕੇ ਦੀ ਖ਼ਾਤਰ ਨਹੀਂ, ਸਰੀਰਕ ਨਿਰਬਾਹ ਵਾਸਤੇ ਹੈ) ।</u>

੮- **ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ, ਜੇਤਾ ਪੈਨਣੁ ਖਾਣੁ ॥ ੪ ॥** [੧੬]-੫

੯- **ਮਃ ੫ ॥ ਖਾਂਦਿਆਂ ਖਾਂਦਿਆਂ ਮੁਹੁ ਘਠਾ, ਪੈਨੰਦਿਆ ਸਭੁ ਅੰਗੁ ॥**

**ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥ ੨ ॥** [੫੨੩]-ਵਾਰ-੧੯ ਹਦੋਂ ਵਧ ਖ਼ੁਣ ਦਾ ਚਸਕਾ ਰੋਗਾਂ ਦਾ ਮੂਲ ਹੈ । ਫਿਰ ਖ਼ੁਰਾਕ ਠੀਕ ਕਰ ਲੈਣ ਨਾਲ ਹੀ ਸਰੀਰਕ ਰੋਗ ਦੂਰ ਹੋ ਜਾਂਦਾ ਹੈ--

੧੦- **ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥**

**ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥ ੭ ॥** [੧੦੩੪]-ਸੋਲਹੇ-੧੪

**ਅਰਥ:**--ਬਹੁਤ (ਭੋਗਾਂ ਦੇ) ਸੁਆਦਾਂ ਤੋਂ ਦੁੱਖ ਹੀ ਮਿਲਦਾ ਹੈ (ਕਿਉਂਕਿ) ਭੋਗਾਂ ਤੋਂ ਆਖ਼ਰ ਰੋਗ ਪੈਦਾ ਹੁੰਦੇ ਹਨ ਤੇ ਮਨੁੱਖ ਅੰਤ ਨੂੰ ਖ਼ੁਆਰ ਹੁੰਦਾ ਹੈ । (ਮਾਇਆ ਦੀਆਂ) ਖ਼ੁਸ਼ੀਆਂ ਤੋਂ ਵੀ ਚਿੰਤਾ ਹੀ ਪੈਦਾ ਹੁੰਦੀ ਹੈ ਜੋ) ਕਦੇ ਮਿਟਦੀ ਹੀ ਨਹੀਂ । ਪਰਮਾਤਮਾ ਦੀ ਰਜ਼ਾ ਵਿਚ ਤੁਰਨ ਤੋਂ ਬਿਨਾ ਮਨੁੱਖ ਭਟਕਣਾ ਵਿਚ ਪਿਆ ਰਹਿੰਦਾ ਹੈ । ੭ ।

ਇਹ ਖਾਣ ਬਾਰੇ ਉਪ੍ਰੋਕਤ ਗੁਰਮਤਿ ਨਿਯਮ ਸਦੀਵੀ ਸੇਧ ਦੇਣ ਵਾਲੇ ਹਨ ਪਰ ਗੁਰਮਤਿ ਦੇ ਸਿਧਾਂਤ ਲਾਗੂ ਕਰਨ ਲਈ ਬਣੇ ਵਿਧੀ ਵਿਧਾਨ ਸਮੇਂ ਅਤੇ ਦੇਸ਼ਾਂ ਦੇ ਪਉਣ ਪਾਣੀ ਅਨੁਸਾਰ ਸਦਾ ਬਦਲਦੇ ਆ ਰਹੇ ਹਨ । ਉਦਾਹਰਣ ਵਜੋਂ:--

(੧) ਲੰਗਰ ਦੀ ਪ੍ਰਥਮ ਮਰਯਾਦਾ ਧਰਤੀ ਤੇ ਰੜੇ (ਕਈ ਵਾਰੀ ਸੜਦੀ ਧੁੱਪੇ ਹੀ) ਬੈਠ ਕੇ ਪ੍ਰਸ਼ਾਦਿਆਂ ਤੇ ਦਾਲ ਜਾਂ ਭਾਜੀ ਪ੍ਰਸ਼ਾਦ ਵਜੋਂ ਲੈ ਕੇ ਛਕਣ ਦੀ ਮਰਯਾਦਾ ਸੀ । ਜਲ ਵੀ ਜਾਂ ਉਥੇ ਬੈਠਿਆਂ ਬੁੱਕ ਨਾਲ ਪੀਤਾ ਜਾਂਦਾ ਸੀ, ਜਾਂ ਉਠ ਕੇ ਛਬੀਲਾਂ ਤੋਂ ਅਥਵਾ ਟੂਟੀਆਂ ਤੋਂ ਪੀਤਾ ਜਾਣ ਦੀ ਮਰਯਾਦਾ ਸੀ । ਫਿਰ ਪੱਤਲਾਂ ਅਤੇ ਡੂੰਨੇ ਆ ਗਏ । ਅਤੇ ਫਿਰ ਥਾਲੀਆਂ ਗਲਾਸਾਂ ਨੇ ਲੰਗਰਾਂ ਦੀ ਰੌਣਕ ਵਧਾਈ । ਏਸੇ ਤਰ੍ਹਾਂ ਜ਼ਮੀਨ ਤੋਂ ਮਾਮੂਲੀ ਬੋਰੀਆਂ ਆਦ ਤੇ ਤੱਪੜ ਤੇ ਫਿਰ ਹੋਰ ਵੀ ਵਧੀਆ ਟਾਟ ਅਤੇ ਰੜੇ ਬਹਿਣ ਦੇ ਥਾਂ ਆਲੀਸ਼ਾਨ ਲੰਗਰ ਹਾਲ ਬਣ ਗਏ ।

**(੨) ਇਸ ਇਤਿਹਾਸਕ ਸਚਾਈ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਕਾ ਲੰਗਰ, ਪੰਜੇ ਸਾਹਿਬ ਦੇ ਸਟੇਸ਼ਨ ਤੇ ਗੱਡੀ ਵਿਚ ਹੀ ਵਰਤਾਇਆ ਜਾਣ ਲਈ ਸਟੇਸ਼ਨ ਤੇ ਪੁਚਾਇਆ ਜਾਂਦਾ ਰਿਹਾ ਸੀ। ਧਰਮ ਅਸਥਾਨਾਂ ਦੇ ਦਰਸ਼ਨਾਂ ਨੂੰ ਜਾ ਰਹੀਆਂ ਸੰਗਤਾਂ ਨੂੰ ਲਾਰੀਆਂ ਵਿਚ ਬੈਠਿਆਂ ਨੂੰ, ਅੱਜ ਵੀ ਲੰਗਰ ਵਰਤਾਇਆ ਜਾਣ ਦੀ ਮਰਯਾਦਾ ਹੈ। ਅਜੇਹੇ ਹਾਲਾਤ ਵਿਚ ਵੀ ਗੁਰੂ ਕਾ ਲੰਗਰ ਛਕਿਆ ਗਿਆ ਜਦੋਂ ਪੰਗਤ ਵਿਚ ਬੈਠ ਸਕਣ ਦਾ ਸਮਾ ਹੀ ਨਹੀਂ ਸੀ ਹੁੰਦਾ।**

(੨) ਲੰਗਰ ਹਾਲ ਵਿਚ ਬੈਠੀ ਪੰਗਤ ਵਿਚ ਧਰਤੀ ਦੇ ਬੈਠ ਕੇ ਗੁਰੂ ਕਾ ਲੰਗਰ ਛਕੇ ਜਾਣ ਦੀ ਗੁਰਤਮਤਿ ਮਰਯਾਦਾ ਦੀ ਪੁਸ਼ਟੀ ਲਈ ਉਦਾਹਰਣਾਂ ਤਾਂ ਇਹ ਦਿੱਤੀਆਂ ਜਾ ਰਹਿਆਂ ਹਨ ਕਿ, ਸਤਿਗੁਰੂ ਜੀ ਆਪ ਵੀ ਗ਼ਰੀਬ ਕਿਰਤੀਆਂ ਦੀ ਪੰਗਤ ਵਿੱਚ ਬੈਠ ਕੇ ਪਰਸ਼ਾਦ ਛਕਿਆ ਕਰਦੇ ਸਨ। ਦਿੱਲੀ ਦਾ ਸਮਰਾਟ " ਅਕਬਰ " ਜਦ ਸ੍ਰੀ ਗੋਇੰਦਵਾਲ ਸਾਹਿਬ ਆਇਆ ਤਾਂ ਉਸ ਦੇ ਵੀ ਸ਼ਾਹੀ ਖ਼ੇਮੇ ਵਿਚ ਭੋਜਨ ਨਹੀਂ ਸੀ ਪੁਚਾਇਆ ਗਿਆ । ਉਸ ਨੇ ਵੀ ਗੁਰੂ ਦੇ ਲੰਗਰ ਵਿਚ ਕਿਰਤੀ ਸਿੱਖਾਂ ਦੀ ਪੰਗਤ ਵਿਚ ਇੱਕ ਪੱਧਰ ਜ਼ਮੀਨ ਤੇ ਬੈਠ ਕੇ ਪਰਸ਼ਾਦ ਛਕਿਆ ਸੀ । ਪਰ ਅੱਜ ਇਸ ਸਚਾਈ ਨੂੰ ਕਿਹੜੇ ਯਤਨ ਨਾਲ ਝੂਠ ਬਣਾਇਆ ਜਾਵੇਗਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਤੋਂ ਅਰੰਭ ਹੋ ਕੇ S.G.P.C. ਦੇ ਲਗ ਪੱਗ ਸਾਰੇ ਮੈਂਬਰਾਂ ਲਈ (ਉਚੇਚੇ ਤੜਕੇ ਲੱਗ ਕੇ) ਲੰਗਰ ਉਨ੍ਹਾਂ ਦੇ ਦਫਤਰਾਂ ਵਿਚ, ਠਹਿਰਣ ਵਾਲੇ ਖ਼ਾਸ ਕਮਰਿਆਂ ਵਿਚ ਅਤੇ ਕਈ ਸੇਵਾਦਾਰਾਂ ਦੇ ਘਰਾਂ ਵਿਚ ਲੈ ਜਾ ਕੇ ਕੁਰਸੀਆਂ ਮੰਜਿਆਂ ਆਦਿ ਤੇ ਬੈਠ ਕੇ ਛਕਿਆ ਜਾਂਦਾ ਹੈ । ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਜਾਂ ਹੋਰ ਜਥੇਦਾਰ ਜਾਂ ਪਬੰਧਕ ਸਤਿਗੁਰਾਂ ਨੂੰ ਹਾਜ਼ਰ ਨਾਜ਼ਰ ਸਮਝ ਕੇ ਦੱਸਣ ਕਿ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਪੰਗਤ ਵਿਚ ਬੈਠ ਕੇ ਕਿੰਨੀ ਵਾਰੀ ਲੰਗਰ ਛਕਿਆ ਹੈ ? ਜੇ ਹੋਟਲਾਂ ਤੋਂ ਲੈ ਕੇ ਆਪਣੀ ਮਰਜ਼ੀ ਵਾਲੀ ਥਾਂ ਤੇ ਖਾ ਸਕਣ ਵਾਲੀ ਖੁਲ੍ਹ ਵਾਂਗ, ਗੁਰੂ ਦੇ ਲੰਗਰ ਦੇ ਪ੍ਰਸ਼ਾਦੇ ਲੰਗਰ ਤੋਂ ਬਾਹਰ ਲੈ ਜਾਕੇ ਆਪਣੀ ਸਹੂਲਤ ਅਨੁਸਾਰ ਛਕੇ ਜਾਣਾ ਗੁਰੂ ਮਰਯਾਦਾ ਬਣ ਸਕਦੀ ਹੈ ਤਾਂ ਫਿਰ (ਅਜੇਹੇ ਰੌਲੇ ਵੀ ਕਈ ਸੁਣੇ ਜਾਂਦੇ ਹਨ ਕਿ) ਗੁਰੂ ਦੀ ਗੋਲਕ ਦੇ ਪੈਸੇ ਵੀ ਬਾਹਰ ਲੈ ਜਾ ਕੇ ਆਪਣੀ ਸਹੂਲਤ ਲਈ ਖ਼ਰਚਣ ਦੀ ਖੁਲ੍ਹ ਵਾਲੀ ਮਰਯਾਦਾ ਵੀ ਗੁਰਮਰਯਾਦਾ ਹੀ ਹੋਵੇਗੀ ?

**(੩) ਬਾਬਾ ਜਰਨੈਲ ਸਿੰਘ ਜੀ** ਕੋਲ, ਦਾਸ ਕਰੀਬ ਛੇ ਮਹੀਨੇ ਉਸ ਸਮੇ (੧੯੮੩ ਵਿਚ) ਰਿਹਾ ਹੈ ਜਦ ਉਹ ਗੁਰੂ ਨਾਨਕ ਨਿਵਾਸ ਦੀ ਧੁਰ ਉਪਰਲੀ ਛਤ ਤੇ ਬੈਠਿਆ ਕਰਦੇ ਸਨ । ਛੱਤ ਉਤੇ ਲੰਗਰ ਤਿਆਰ ਕਰਨ ਦਾ ਸਾਧਨ ਵੀ ਸੀ । ਪਰ ਪਰਸ਼ਾਦੇ ਸਦਾ ਹੀ ਗੁਰੂ ਰਾਮਦਾਸ ਜੀ ਦੇ ਲੰਗਰ ਵਿਚੋ ਮੰਗਵਾਏ ਜਾਂਦੇ ਸਨ । ਕੁਰਸੀਆਂ ਦੀ ਸੀਟ ਤਾਂ ਧਰਤੀ ਨਾਲੋਂ ਵੱਧ ਤੋਂ ਵੱਧ ਮਸਾਂ ਦੋ ਫੁੱਟ ਹੀ ਉ–ਚੀ ਹੁੰਦੀ ਹੈ, ਪਰ ਏਧਰ ਬਾਬਾ ਜਰਨੈਲ ਸਿੰਘ ਜੀ ਆਪਣੇ ਜਥੇ ਸਮੇਤ, ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਤਿਆਰ ਹੋਏ ਪਰਸ਼ਾਦੇ, ਪਰਮ ਪਵਿੱਤਰ ਲੰਗਰ ਦੀ ਥਾਂ ਨਾਲੋਂ, ਅਥਵਾ ਹਰਿਮੰਦਰ ਸਾਹਿਬ ਦੇ ਪਰਮ ਪਵਿੱਤਰ ਗੁਰੂ ਦਰਬਾਰ ਨਾਲੋ, ਕਰੀਬ ੧੦੦ ਫੁੱਟ ਉਚੇ ਥਾਂ ਬੈਠ ਕੇ ਛਕੇ ਜਾਇਆ ਕਰਦੇ ਸਨ । ਰਾਜਾ ਰੰਕ ਬਰਾਬੀ ਅਥਵਾ ਸਮਾਤਨਾ ਦੇ ਅਸੂਲ ਨੂੰ ਭੁੱਲ ਕੇ ਕੇਵਲ ਧਰਤੀ ਤੇ ਬੈਠ ਕੇ ਲੰਗਰ ਛਕਣ ਨੂੰ ਧਰਮ ਦਾ ਅੰਗ ਬਣਾ ਲੈਣ ਵਰਗੇ ਫ਼ਜ਼ੂਲ ਦੇ ਝਗੜੇ, ਲੋਭੀ ਸੁਆਰਥੀ, ਹੰਕਾਰੀ, ਸਾਕਤ ਅਥਵਾ ਬੇਮੁੱਖ ਬੰਦਾ ਹੀ ਖੜੇ ਕਰਦਾ ਹੈ ।

ਲੰਗਰ ਬਾਰੇ ਗੁਰਮਤਿ-ਮਰਯਾਦਾ ਉਹ ਹੈ ਜੋ ਉੱਪਰ ਪੰਜਾਂ ਪੈਰਿਆਂ ਵਿਚ ਲਿਖੀ ਗਈ ਹੈ । ਬਾਕੀ ਪ੍ਰਸ਼ਾਦਾ ਕਿਵੇਂ ਛਕਿਆ ਜਾਣਾ ਹੈ, ਉਹ ਅਰੋਗਤਾ ਦੇ, ਸਮੇ ਅਤੇ ਦੇਸ਼ ਦੇ ਹਾਲਾਤ ਦੇ ਅਨੁਸਾਰ ਵਿਹਾਰ ਕਰਨ ਦੀ ਖੁੱਲ੍ਹ ਹੈ । ਤਦੇ ਹੀ ਪੰਥਕ ਸਿੱਖ ਰਹਿਤ ਮਰਯਾਦਾ ਵਿਚ ਧਰਤੀ ਤੇ ਬੈਠ ਕੇ ਲੰਗਰ ਛਕਣ ਦੀ ਪਾਬੰਦੀ ਨਹੀਂ ਲੱਗੀ ਹੋਈ । ੧੯੪੫ ਵਿਚ ਪ੍ਰਵਾਨ ਹੋ ਕੇ ਵੰਡੀ ਗਈ ਰਹਿਤ ਮਰਯਾਦਾ ਦੇ ਖਰੜੇ ਵਿਚ ਜੇ ਧਰਤੀ ਤੇ ਬੈਠ ਕੇ ਲੰਗਰ ਛਕੇ ਜਾਣ ਦੀ ਪਾਬੰਦੀ ਲਿਖ ਦਿੱਤੀ ਜਾਂਦੀ [ਖਰੜੇ ਦੇ **ਸੇਵਾ** ਸਿਰਲੇਖ ਦੇ (ਅ) ਭਾਗ ਵਿਚ ਇਉਂ ਲਿਖਿਆ ਹੈ--" ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ, ਕਿਸੇ ਜ਼ਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ । ਪੰਗਤ ਵਿਚ ਬਿਠਾਣ ਲਗਿਆਂ ਕਿਸੇ ਦੇਸ਼, ਵਰਣ, ਜ਼ਾਤ ਜਾਂ ਮਜ਼ਹਬ ਦਾ ਵਿਤਕਰਾ ਨਹੀਂ ਕਰਨਾ "] ਤਾਂ ਉਸ ਵੇਲੇ ਭਾਰਤ ਦੇਸ਼ ਦੀ ਫੌਜ ਦਾ ਲਗ-ਪਗ ਅੱਧ, ਸਿੱਖ ਪਲਟਣਾ ਸਨ । ਹਰ ਇੱਕ ਸਿੱਖ ਪਲਟਣ ਵਿਚ ਗੁਰਦੁਆਰਾ ਬਣਿਆਂ ਹੁੰਦਾ ਸੀ ਅਤੇ ਖ਼ਾਲਸਾ ਜੋਧਿਆਂ ਦਾ ਲੰਗਰ ਸਿੱਖੀ ਮਰਯਾਦਾ ਅਨੁਸਾਰ ਅਰਦਾਸ ਅਤੇ ਜੈਕਾਰੇ ਉਪਰੰਤ ਹੀ ਵਰਤਦਾ ਸੀ । ਸਾਰੇ ਸਿੱਖ ਫੌਜੀ ਲੰਗਰ ਸਦਾ ਬੂਟਾਂ ਸਮੇਤ ਬੈਂਚਾਂ ਤੇ ਬੈਠ ਕੇ ਹੀ ਛਕਿਆ ਕਰਦੇ ਸਨ । ਖ਼ਾਲਸਾ ਰਾਜ ਸਮੇ ਵੀ, ਖ਼ਾਲਸਾ ਫ਼ੌਜਾਂ ਅੰਗ੍ਰੇਜ਼ੀ ਤਰਜ਼ ਦੀ ਕਵਾਇਦ ਕਰਨ ਦੇ ਅਤੇ ਯੌਰਪੀ ਫੌਜਾਂ ਵਾਲੀ ਮਰਯਾਦਾ ਦੇ ਧਾਰਨੀ ਬਣ ਚੁੱਕੀਆਂ ਸਨ । ੮੦/੮੫ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਕਿ ਵਿਦੇਸ਼ਾਂ ਦੇ ਸਾਰੇ ਗੁਰੂ ਘਰਾਂ ਵਿਚ ਮੇਜ਼ ਕੁਰਸੀਆਂ ਆਦਿ ਤੇ

ਬੈਠ ਕੇ ਹੀ ਲੰਗਰ ਖਾਧਾ ਜਾਂਣ ਦੀ ਰਸਮ ਬਣ ਚੁੱਕੀ ਹੈ । ਫਿਰ ਸ੍ਰੀ ਅਕਾਲਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ, ਸ਼੍ਰੋਮਨੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਸਾਹਿਬ ਅਤੇ ਸਕੱਤਰ ਸਾਹਿਬਾਨ, ਉਨ੍ਹਾਂ ਗੁਰਦੁਆਰਿਆਂ ਵਿਚ ਕਈ ਵਾਰੀ ਭਾਸ਼ਨ ਦੇ ਗਏ ਹਨ ਜਿਨ੍ਹਾਂ ਵਿਚ ਲੰਗਰ ਕੁਰਸੀਆਂ ਬੈਂਚਾਂ ਤੇ ਬੈਠ ਕੇ ਛਕਿਆ ਜਾਂਦਾ ਹੈ । ਉਨ੍ਹਾਂ ਵਲੋਂ ਇਤਰਾਜ਼ ਨਾ ਕਰਨ ਦਾ ਸਾਫ਼ ਅਰਥ ਹੈ ਕਿ ਕੁਰਸੀਆਂ ਤੇ ਬੈਠ ਕੇ ਲੰਗਰ ਛਕਣ ਵਿਚ ਉਨ੍ਹਾਂ ਦੀ ਸਹਿਮਤੀ ਸੀ ।

(੪) ਅਜੇ ਸ਼ਾਇਦ ਇਹ ਗੱਲ ਵੀ ਸੰਗਤਾਂ ਤੋਂ ਭੁੱਲੀ ਹੋਈ ਨਹੀਂ ਕਿ ਸ਼੍ਰੋਮਨੀ ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਜਾ ਰਹੀ ਪੁਸਤਕ " ਗੁਰਮਤਿ ਮਾਰਤੰਡ ਭਾਗ ਪਹਿਲਾ ਦੇ ੧੯੯੩ ਵਾਲੇ ਐਡੀਸ਼ਨ ਦੇ " ਭ " ਸਫ਼ੇ ਤੇ ਹੇਠੋਂ ਪੰਜਵੀ ਸਤਰ ਇਸ ਪ੍ਰਕਾਰ ਅਰੰਭ ਹੁੰਦੀ ਹੈ--" **ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ " ਨੇ ਕਿਸੇ ਵਿਦੇਸ਼ ਗਏ ਸਿੱਖ ਦੇ ਪ੍ਰਸ਼ਨ ਦਾ ਉੱਤਰ ਦੇਂਦੇ ਹੋਏ ਰਾਇ ਦਿੱਤੀ ਸੀ ਕਿ ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਨ ਉੱਚਾ ਰੱਖ ਕੇ ਗੁਰਦੁਆਰਾ ਬਣਾਨਾ ਅਤੇ ਕੁਰਸੀਆਂ ਤੇ ਬੈਠਣਾ ਨਾ ਮੁਨਾਸਬ ਨਹੀਂ "**- । ਇਸ ਤੋਂ ਯੂਬਾ ਸਿਟੀ U.S.A. ਗੁਰਦਆਰੇ ਦੀ ਸੰਗਤਿ ਕਈ ਸਾਲ ਗੁਰੂ ਦੇ ਦਰਬਾਰ ਵਿਚ ਕੁਰਸੀਆਂ ਦੇ ਬੈਠਦੀ ਰਹੀ ਹੈ ।

ਗੁਰੂ ਦਾ ਸੱਚਾ ਸਿੱਖ ਆਪਣੇ ਘਰਾਂ ਵਿਚ ਵੀ ਲੰਗਰ ਤਿਆਰ ਕਰਨ ਉਪ੍ਰੰਤ ਸਤਿਗੁਰਾਂ ਦੇ ਸ਼ੁਕਰਾਨੇ ਦੀ ਅਰਦਾਸ ਵਿਚ--" ਦਾਣਾ ਪਾਣੀ ਗੁਰੂ ਕਾ ਟਹਿਲ ਭਾਵਣੀ ਸਿੱਖਾਂ ਕੀਂ " ਬਚਨ ਕਹਿਦਾਂ ਹੈ । ਘਰਾਂ ਵਿਚ ਬਣਨ ਵਾਲਾ ਲੰਗਰ ਗੁਰੂ ਦਾ ਲੰਗਰ ਹੈ । ਅਤੇ ਘਰਾਂ ਵਿਚ ਵੀ ਫਿਰ ਕੁਰਸੀਆਂ ਤੇ ਬੈਠਣ ਦੀ ਪਾਬੰਦੀ ਕਿਸ ਕਾਰਨ ਨਹੀਂ ਲਾਉਣੀ ਚਾਹੀਦੀ ? ਨਿਆਰੇ ਪੰਥ ਵਿਚ ਕੋਈ ਵੀ ਕਰਮਕਾਂਡੀ ਭਰਮ ਨਹੀਂ ਸੀ । ਪਰ ਡੇਰਾਵਾਦੀਆਂ ਸਾਧਾਂ ਦੀ ਕਿਰਪਾ ਨਾਲ ਪੰਥ ਵਿਚ ਹਰ ਪੱਖ ਤੋਂ ਬਿੱਪ੍ਰਨ ਦੀ ਸਾਰੀਆਂ ਰੀਤਾਂ ਵਾੜੀਆਂ ਜਾ ਕੇ ਪੰਥ ਦੇ ਖ਼ਾਤਮੇ ਦੇ ਦਿਨ ਨੂੰ ਨੇੜੇ ਲਿਆਂਦਾ ਜਾ ਰਿਹਾ ਹੈ ।

ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲਣਾ ਹੀ ਅਸਲ ਮਰਯਾਦਾ ਹੈ । ਅਤੇ ਇਸ ਮਰਯਾਦਾ ਦਾ ਧਾਰਨੀ ਬਣਨ ਦੀ ਗੱਲ ਜਥੇਦਾਰਾਂ ਸਮੇਤ ਕੋਈ ਵੀ ਨਹੀਂ ਸੋਚਦਾ ਹੈ । ਵਾਹਿਗੁਰੂ ਨੂੰ ਸਦਾ ਅੰਗ ਸੰਗ ਜਾਣ ਕੇ ਸੁਕ੍ਰਿਤ ਕਰਨੀ, ਵੰਡ ਛਕਣਾ, ਕੇਵਲ ਅਕਾਲਪੁਰਖ ਨੂੰ ਦਾਤਾਰ ਮੰਨਣਾ, ਨੇਕ ਕਮਾਈ ਵਿਚੋਂ ਦਸਵੰਧ ਪੰਥਕ ਕਾਰਜਾਂ ਤੇ ਖ਼ਰਚਣਾ, ਗ਼ਰੀਬ ਲੋੜਵੰਦ ਦੇ ਮੂੰਹ ਨੂੰ ਗੁਰੂ ਦੀ ਗੋਲਕ ਸਮਝਣਾ, ਦੀਨ ਦੁਖੀ ਦੀ ਸਹਾਇਤਾ ਕਰਦਿਆਂ ਪੁਰਜਾ ਪੁਰਜਾ ਕੱਟ ਕੇ ਮਰ ਜਾਣ ਤੋਂ ਪਿੱਛੇ ਨਹੀਂ ਹਟਣਾ, ਸਚਾਈ ਦੀ ਰਾਖੀ ਲਈ ਸਰਬੰਸ ਵਾਰ ਦੇਣ ਨੂੰ ਵੱਡੇ ਭਾਗ ਸਮਝਣਾ, ਬਚਨ ਕਰਕੇ ਕਦੇ ਨਾ ਖਿਸਕਣਾ, ਭਾਵ, ਕਹਿਣੀ ਅਤੇ ਕਰਣੀ ਦੇ ਸੂਰਮੇ ਹੋਣਾ, ਸਾਰਿਆਂ ਦਾ ਹਿਰਦਾ ਅਕਾਲਪੁਰਖ ਦਾ ਘਰ ਸਮਝ ਕੇ ਕਿਸੇ ਤਰ੍ਹਾਂ ਵੀ ਕਿਸੇ ਦਾ ਦਿਲ ਨਾ ਦੁਖਾਉਣਾ, ਸਤਿਗੁਰੂ ਜੀ ਤੋਂ ਬਿਨਾਂ ਕਿਸੇ ਅੱਗੇ ਮੱਥਾ ਨਹੀਂ ਟੇਕਣਾ, ਦੁਖਭੰਜਨੀ ਬੇਰੀ ਨੂੰ, ਸਰੋਵਰਾਂ ਦੇ ਜਲ ਨੂੰ, ਮਨੋਕਾਮਨਾਂ ਪੂਰੀਆਂ ਕਰਨ ਵਾਲਾ ਨਹੀਂ ਮੰਨਣਾ { ਬਦਕਿਸਮਤੀ ਹੈ ਕਿ ਅਜੇਹੀ ਗੁਰਮਤਿ-ਖੰਡਨਾਂ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪਰਕਰਮਾਂ ਵਿਚ ਵੀ ਕੀਤੀ ਜਾ ਰਹੀ ਹੈ, ਪਰ ਉਸ ਪਾਸੇ ਕੋਈ ਧਿਆਨ ਨਹੀਂ ਦਿੰਦਾ ] **ਮਾਨੁੱਖ ਕੀ ਟੇਕ ਬਿਰਥੀ ਸਭ ਜਾਨ ॥** ਗੁਰੂ ਵਾਕ ਅਨੁਸਾਰ ਕਿਸੇ ਮਨੁੱਖ **ਸਾਧ ਸੰਤ ਪੀਰ ਫ਼ਕੀਰ ਆਦਿ ਦਾ**) ਆਸਰਾ ਕਦੇ ਨਹੀਂ ਮੰਨਣਾ ਆਦਿ -- ਜਿਹੇ ਨਿਆਰੇ ਸਿਧਾਂਤ ਵਾਲੀ ਗੁਰਮਤਿ ਰਹਿਣੀ ਨੂੰ ਤਾਂ ਉਂਜ ਹੀ ਬੇਲੋੜਾ ਮੰਨ ਲਿਆ ਹੋਇਆ ਹੈ, ਬ੍ਰਾਹਮਣੀ ਕਰਮ ਕਾਂਡ ਨੂੰ ਗੁਰਮਤਿ ਬਣਾਈ ਤੁਰੇ ਜਾ ਰਹੇ ਹਾਂ ।

ਕੇਂਦ੍ਰੀ ਜਥੇਦਾਰ ਨੇ ਇਹ ਸੋਚਣ ਦੀ ਕਦੇ ਲੋੜ ਹੀ ਨਹੀਂ ਸਮਝੀ ਕਿ ਗੁਰੂ ਘਰਾਂ ਵਿਚ ਨਿਤ ਲੜਾਈਆਂ ਝਗੜੇ ਅਤੇ ਮਾਰ ਕੁਟਾਈਆਂ ਦੇ " **ਸਾਕੇ** " ਕਿਸ ਕਾਰਨ ਵਧ ਰਹੇ ਹਨ ? ਧਰਮ ਵਿਚ ਆ ਵੜੀ ਅਜੇਹੀ ਰੁਚੀ ਨੂੰ ਕਿਵੇ ਮੋੜਾ ਦਿੱਤਾ ਜਾਵੇ ? ਹੈਰਾਨੀ ਤਾਂ ਇਹ ਹੈ ਕਿ ਦਸ਼ਮੇਸ਼ ਜੀ ਦੇ ਖੰਡੇ ਬਾਟੇ ਦੀ ਪਾਹੁਲ ਵਾਲੀ ਮਰਯਾਦਾ ਵੀ ਪੂਰੀ ਤਰ੍ਹਾਂ ਖੰਡਨ ਹੋ ਚੁੱਕੀ ਹੈ, ਪਰ ਕੇਂਦਰ ਨੇ ਕਦੇ ਕੋਈ ਸੋਧ ਪੱਤਰ ਜਾਰੀ ਕਰਕੇ ਸੁਧਾਰ ਕਰਨ ਦੀ ਲੋੜ ਅਨੁਭਵ ਨਹੀਂ ਕੀਤੀ । ਲੋਭ ਗ੍ਰਸੇ ਡੇਰੇਦਾਰ ਸਾਧਾਂ ਨੇ ਖੰਡੇ-ਬਟੇ ਦੇ ਅੰਮ੍ਰਿਤ ਵਿਚ ਅਜੇਹੀਆਂ ਸ਼ਕਤੀਆਂ ਹੋਣ ਦੇ ਭਰਮ ਨੂੰ ਫੈਲਾਉਣ ਦੀ ਜ਼ੋਰਦਾਰ ਮੁਹਿੰਮ ਚਲਾਈ ਹੋਈ ਹੈ ਜਿਸ ਤੋਂ ਸੰਤ-ਸੂਰਮਾ ਬਣਨਾ ਤਾਂ ਕਿਤੇ ਰਿਹਾ, ਉਨ੍ਹਾਂ ਦੀ ਵਿਧੀ ਵਿਧਾਨ ਨਾਲ ਅੰਮ੍ਰਿਤ ਛਕਣ ਵਾਲਾ **ਚੰਗਾ ਮਨੁੱਖ ਵੀ ਨਹੀਂ ਰਹਿੰਦਾ** । ਜਿਸ ਅੰਮ੍ਰਿਤਧਾਰੀ ਨੂੰ ਇਹ ਤਸੱਲੀ ਕਰਾ ਦਿੱਤੀ ਜਾਂਦੀ ਹੈ--" ਜਿਸ ਦੇ ਮੂੰਹ ਵਿਚ ਸਰਬ ਪਾਪ-ਨਾਸਕ ਖੰਡੇ ਬਾਟੇ ਦਾ ਅੰਮ੍ਰਿਤ ਪੈ ਗਿਆ ਉਹ ਭਾਵੇਂ ਗ਼ਲਤੀਆਂ ਕਰੀ ਜਾਏ, ਦਸ਼ਮੇਸ਼ ਜੀ ਉਸ ਨੂੰ ਦਸ ਹਜ਼ਾਰ ਸਾਲ ਤੱਕ ਨਰਕਾਂ ਵਿਚ ਨਹੀਂ ਪੈਣ ਦੇਣਗੇ, ਉਸ ਨੂੰ ਮੁੜ ਮੁੜ ਸਿੱਖਾਂ ਦੇ ਘਰ ਹੀ ਜਨਮ ਦੇਣਗੇ"---ਪੰਜ ਕਕਾਰਾਂ ਵਿਚ ਸਜਿਆ ਅਜੇਹਾ ਅੰਮ੍ਰਿਤਧਾਰੀ ਫਿਰ ਭਾਵੇਂ ਖੁਲ੍ਹੇ-ਆਮ ਤਮਾਕੂ ਵੇਚੇ (ਸਰੀ ਦੇ ਉਸ ਹਾਲ ਵਿਚ ਜਿੱਥੇ ਹਜ਼ਾਰਾਂ ਸਿੱਖ ਜੁੜੇ ਹੋਏ ਸਨ ਸਰੀ ਨਿਵਾਸੀ ਗਿਆਨੀ ਦਰਸ਼ਨ ਸਿੰਘ ਨੇ ਸਪੱਸ਼ਟ ਸ਼ਬਦਾਂ ਵਿਚ ਅਜੇਹੇ ਡੇਰਾਵਾਦੀਏ ਅੰਮ੍ਰਿਤਧਾਰੀ ਦੀ ਨਿਸ਼ਨ ਦਹੀ ਕੀਤੀ ਸੀ), ਭਾਵੇਂ ਸ਼ਰਾਬਾਂ ਪੀਵੇ, ਭਾਵੇ ਗੁਰੂ ਘਰਾਂ ਵਿਚ ਫ਼ਸਾਦ ਖੜੇ ਕਰੇ, ਜਿਸ ਭਲੇ ਮਾਣਸ ਦੀ ਮਰਜੀ ਪਤ ਲਾਹੇ, ਬਲਾਤ ਕਾਰ ਕਰ ਲਵੇ, ਕੇਸ ਮੁਨਾ ਲਵੇ, ਸੱਚੀ ਗੱਲ ਕਹਿਣ ਵਾਲੇ ਦੇ ਸੀਨੇ ਵਿਚ ਗੋਲੀ ਮਾਰ ਕੇ ਜਿਸ ਨੂੰ ਦਿਲ ਕਰਦਾ " ਗੱਡੀ ਚਾੜ ਦੇਵ੍ਹੇ, ਪੰਥਕ ਮਰਯਾਦਾ ਨੂੰ ਬੇਲੋੜਾ ਬਣਾਈ ਜਾਵੇ--ਗੱਲ ਕੀ ਜੋ ਉਪੱਦਰ ਮਰਜ਼ੀ ਕਰਦਾ ਮਨੁੱਖਤਾ ਦਾ ਹਿਰਦਾ ਵਲੂੰਦਰਦਾ ਫਿਰੇ, ਡੇਰਾਵਾਦੀ ਅੰਮ੍ਰਿਤ ਧਾਰੀ ਫਿਰ ਵੀ **ਗੁਰੂ ਵਾਲਾ ਹੀ ਹੈ** । ਦੂਜੇ ਭਾਵੇਂ ਕਿੱਡੇ ਵੀ ਸੱਚੇ ਸੁੱਚੇ, ਗੁਰਮਤਿ ਸਿਧਾਂਤ ਦੇ ਗਿਆਤਾ ਅਤੇ ਗੁਰੂ ਦੀ ਮਤਿ ਅਨੁਸਾਰ ਜੀਵਨ ਢਾਲ ਕੇ ਦੇਸ਼ ਕੌਮ ਲਈ ਲਾਹੇਵੰਦ ਸਿੱਧ ਹੋ ਰਹੇ ਹੋਣ, ਉਹ ਡੇਰਾਵਦੀ ਅੰਮ੍ਰਿਤਧਾਰੀਆਂ ਨਾਲੋਂ ਫਿਰ ਵੀ ਮਾੜੇ ਅਤੇ ਨਿਗੁਰੇ ਹੀ ਹਨ ? ਬਾਬਾ ਜਰਨੈਲ ਸਿੰਘ ਜੀ ਨੇ ਗੁਰੂ ਨਾਨਕ ਨਿਵਾਸ ਦੀ ਧੁਰ ਉਤਲੀ ਛੱਤ ਤੇ ਬੈਠਿਆਂ ਮਈ ੧੯੯੩ ਦੇ ਪਹਿਲੇ ਬੁਧਵਾਰ ਦੇ ਦਿਨ, ਬੜਾ ਸੱਚ ਫ਼ੁਰਮਾਨ ਕੀਤਾ ਸੀ--" ਇੰਦ੍ਹਾਂ ਕਹਿੰਦੀ ਆ ਮੈਂ ਬੰਬ ਬਣਾਉਂਦਾ ਹਾਂ । ਆਹ ਜਿਨ੍ਹਾਂ ਨੂੰ ਅਸੀਂ ਅੰਮ੍ਰਿਤ ਛਕਾਉਂਦੇ ਹਾਂ ਉਹ **ਬੰਬ ਹੀ ਤਾਂ ਬਣ ਰਹੇ ਹਨ** "। ਜਦ ਹੁਣ ਕਥਿਤ ਅੰਮ੍ਰਿਤਧਾਰੀ, **ਮੁਨੱਖਾਂ ਤੋਂ ਬੰਬ** ਬਣੀ ਜਾ ਰਹੇ ਹਨ ਤਾਂ ਖਿਮਾ ਗ਼ਰੀਬੀ, ਸਮਾਨਤਾ, ਅਤੇ " **ਫਿੱਕਾ ਬੋਲਿ ਵਿਗੁਚਣਾ** " ਪਾਠ ਪੜ੍ਹਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖੀ ਦੀ ਉਮਰ ਕਿੰਨੀ ਕੁ ਬਾਕੀ ਰਹਿ ਗਈ ਹੋਵੇਗੀ ?

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਜਿਨ੍ਹਾਂ ਨਾਂਨਕ ਸਰੀਏ ਡੇਰਾਵਾਦੀਆਂ ਨੇ ਸਤਿਗੁਰਾਂ ਦੇ ਲੰਗਰ ਦੀ ਮਰਯਾਦਾ ਉਂਜ ਹੀ ਖ਼ਤਮ ਕਰਕੇ ਘਰਾਂ ਤੋਂ ਰੋਟੀਆਂ ਨਾਲ ਹੀ ਲਿਆ ਕੇ ਸਾਧ-ਡੇਰਿਆਂ ਵਿਚ ਆਪਣੇ ਆਪਣੇ ਪਸੰਦ ਦੇ ਟੋਲਿਆਂ ਵਿਚ ਬੈਠ ਕੇ ਛਕਣ ਨੂੰ ਗੁਰਮਤਿ ਬਣਾ ਲਿਆ ਹੋਇਆ ਹੈ,

ਉਨ੍ਹਾਂ ਨੂੰ ਖੁੱਲ੍ਹਾ ਸਮਾਂ ਦੇ ਕੇ ਗੁਰੂ ਕੀ ਸਟੇਜ ਨੂੰ ਬਿੱਪ੍ਰਨ ਕੀ ਰੀਤ ਦੇ ਪਰਚਾਰ ਦਾ ਅੱਡਾ ਬਣਾਇਆ ਹੋਇਆ ਹੈ । ਡੇਰਾਦਾਰਾਂ ਕੋਲੋਂ ਉਨ੍ਹਾਂ ਦੀ ਵਿਧੀ ਨਾਲ ਬਣੇ ਨਿਹਕਲੰਕ-ਅੰਮ੍ਰਿਧਾਰੀਆਂ ਨੇ ਗੁਰੂ ਕੇ ਲੰਗਰ ਪ੍ਰਤੀ ਸਤਿਗੁਰਾਂ ਦੀ ਕਿਸੇ ਵੀ ਮਰਯਾਦਾ ਦੀ ਪਰਵਾਹ ਨਾ ਕਰਕੇ ਉਪਰੋਕਤ ੧ ਨੰਬਰ ਤੋਂ ੫ ਨੰਬਰ ਤਾਈ ਸਾਰੀ ਗੁਰਮਤਿ ਲੰਗਰ-ਮਰਯਾਦਾ ਮਿੱਟੀ ਵਿਚ ਮਿਲਾਈ ਹੋਈ ਹੈ ਪਰ ੧੦/੧੨ ਸਾਲ ਤੋਂ Benches ਤੇ ਬੈਠ ਕੇ ਲੰਗਰ ਛਕਣ ਦੀ ਬਣੀ ਮਰਯਾਦਾ ਵਿਚ ਸਿੱਖ ਧਰਮ ਲਈ ਖ਼ਤਰਾ ਵੇਖ ਲਿਆ । ਹੰਕਾਰ ਗ੍ਰਸਿਆਂ ਨੇ ਨਿਰਦੋਸ਼ ਬਚੀਆਂ ਸਮੇਤ ਉਨ੍ਹਾਂ ਸੇਵਾਦਾਰਾਂ ਨੂੰ ਤਲਵਾਰਾਂ ਆਦਿ ਨਾਲ ਜ਼ਖ਼ਮੀ ਕੀਤਾ ਜਿਹੜੇ ਬਹੁਸਮਤੀ-ਸੰਗਤ ਦੇ ਕਹਿਣ ਤੇ ਲੰਗਰ ਹਾਲ ਵਿਚ ਮੇਜ਼ ਰੱਖਣ ਦੀ ਸੇਵਾ ਕਰਨ ਲਈ ਅੰਦਰ ਵੜੇ ਸਨ । ਜਬਰ ਦੇ ਸਾਹਮਣੇ ਝੁਕ ਜਾਣ ਨੂੰ ਸਤਿਗੁਰਾਂ ਨੇ ਆਤਮਕ ਮੌਤ ਮੰਨਿਆਂ । ਅਤੇ ਹੰਕਾਰ ਦੇ ਕਾਰਨ ਲੜਾਈਆਂ ਸਹੇੜਨ ਵਾਲਿਆਂ ਨੂੰ ਸੂਰਮੇਂ ਨਹੀਂ ਮੰਨਿਆਂ:--

੧੧- **ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥ ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥ ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰ ਆਵਹਿ ॥ ੯ ॥**[੧੦੮੯]

**ਅਰਥ:**--ਜੋ ਮਨੁੱਖ ਅਹੰਕਾਰ ਵਿਚ ਮਰਦੇ (--ਖਪਦੇ ਹਨ) ਤੇ ਦੁੱਖ ਪਾਉਂਦੇ ਹਨ ਉਨ੍ਹਾਂ ਨੂੰ ਸੂਰਮੇਂ ਨਹੀਂ ਆਖੀਦਾ, ਉਹ (ਅਹੰਕਾਰੀ) ਅੰਨ੍ਹੇ ਆਪਣਾ ਅਸਲਾ ਨਹੀਂ ਪਛਾਣਦੇ ਤੇ ਮਾਇਆ ਦੇ ਮੋਹ ਵਿਚ ਖ਼ੁਆਰ ਹੁੰਦੇ ਹਨ, ਬੜੇ ਕ੍ਰੋਧ ਵਿਚ ਆ ਕੇ (ਦੂਜਿਆਂ ਨਾਲ) ਲੜਦੇ ਹਨ ਜਿਸ ਤੋ ਲੋਕ ਤੇ ਪਰਲੋਕ ਵਿਚ ਦੁੱਖ ਹੀ ਪਾਉਂਦੇ ਹਨ । ਵੇਦ ਆਦਿਕ ਧਰਮ-ਪੁਸਤਕ ਵੀ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਰੱਬ ਨੂੰ ਅਹੰਕਾਰ ਚੰਗਾ ਨਹੀਂ ਲੱਗਦਾ । ਜੋ ਮਨੁੱਖ ਅਹੰਕਾਰ ਵਿਚ ਹੀ ਮਰਦੇ ਰਹੇ ਉਹ ਬੇ-ਗਤੇ ਹੀ ਗਏ (ਉਨ੍ਹਾਂ ਦਾ ਜੀਵਨ ਨਾ ਸੁਧਰਿਆ), ਉਹ ਮੁੜ ਮੁੜ ਮਰਦੇ ਜੰਮਦੇ ਰਹਿੰਦੇ ਹਨ । ੯ ।

**ਡੇਰਾਵਾਦ-ਰੋਗ ਦਾ ਇਲਾਜ ਇਸ ਦੇ ਵਿੱਰੁਧ ਜ਼ੋਰਦਾਰ ਮੁਹਿਮ ਚਲਾਉਣਾ ਹੀ ਹੈ । ਨਹੀਂ ਤਾਂ ਇਹ ਦਿਨੋ ਦਿਨ ਭਿਆਨਕ ਰੂਪ ਧਾਰੀ ਜਾ ਰਿਹਾ ਹੈ ।** ਗੁਰੂ ਦੀ ਗੋਲਕ ਤੇ ਕਬਜ਼ਾ ਕਰਕੇ ਉਸ ਦੀ ਦੁਰਵਰਤੋਂ ਕਰ ਸਕਣ ਦਾ **ਵਡਾ ਲੋਭ** ਅਤੇ ਡੇਰਵਾਵਾਦੀ ਸਿਖਿਆ, ਇਸ ਵੇਲੇ ਗੁਰੂ ਘਰਾਂ ਵਿਚ ਲੜਾਈ ਦਾ ਵਿਸ਼ੇਸ਼ ਕਾਰਨ ਹਨ । ਅਜੇਹਾ ਧਰਮੀ ਜਿਸ ਨੂੰ ਧਰਮ ਦੀ Definition ਦਾ ਹੀ ਪਤਾ ਨਹੀਂ ਉਸ ਨੇ ਧਰਮ ਦੇ ਵਾਧੇ ਲਈ ਸੇਵਾ ਕੀ ਕਰਨੀ ਹੈ ?

ਹੇ ਸਥਾਨਕ ਗੁਰਸਿੱਖ ਵੀਰੋ ! ਸਮਝੋ ਗੁਰਮਤਿ ਦੀ ਅਸਲੀਯਤ ਨੂੰ । ਬਚੋਂ ਸਰਬ ਨਾਸਣੀ ਲੋਭ-ਗ੍ਰਸੀ ਹਉਮੈ ਡੈਣ ਦੇ ਹੱਲੇ ਤੋਂ । ਆਪਣੀਆਂ ਭੁੱਲਾਂ ਵੱਲ ਝਾਤੀ ਮਾਰੋ ਅਤੇ ਰਲ ਮਿਲ ਬੈਠ ਕੇ ਸਾਰੀ ਦੁਬਧਾ ਦੂਰ ਕਰ ਕੇ ਪਿਆਰਾਂ ਲਦਿਆ ਮਿੱਠਾ ਗੁਰਮਤਿ-ਜੀਵਨ ਜੀਊਣਾ ਅਰੰਭ ਕਰੋ । ਸ਼ਬਦ ਵਿਚਾਰ ਦੇ ਖੁਲ੍ਹੇ ਪਰਬੰਧ ਕਰੋ । ਗੁਰੂ-ਸਬਦ-ਗਿਆਨ ਨਾਲ ਜੁੜੋ ਅਤੇ ਲੋਕਾਂ ਨੂੰ ਜੋੜੋ । ਦੂਜਿਆਂ ਨੂੰ ਸੁਖੀ ਕਰੋ ਅਤੇ ਆਪ ਸੁਖੀ ਰਹੋ--

**ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥ ੩ ॥**[੩੮੬]

ਸਰੀ ਦੀ ਕਮੇਟੀ ਅਥਵਾ ਬਹੁਸਮਤੀ ਸਾਧ-ਸੰਗਤ ਵਲੋਂ

**ੴਸਤਿਗੁਰ ਪ੍ਰਸਾਦਿ ॥**

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**

੭੩੩੬-੧੧੫ ਸਟਰੀਟ ਡੈਲਟਾ ਮਿਤੀ--
ਅਪਰੈਲ ੧੭, ੧੯੯੭

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ, ਸਿੰਘ ਸਾਹਿਬ ਰਣਜੀਤ ਸਿੰਘ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹ ॥

ਆਪ ਜੀ ਪ੍ਰਤੀ ਦਾਸ ਦੀ ਅਪਾਰ ਸ਼ਰਧਾ ਹੋਣ ਦੇ ਕਾਰਨ ਹੀ ਦਾਸ ਨੇ ਮਿਤੀ ੭/੧੨/੯੬ ਨੂੰ ਲਿਖਆ, ਬੇਨਤੀ ਪੱਤਰ ਧਲੇਤੇ ਨੱਗਰ ਦੇ ਗੁਰਮੁਖਿ ਭਾਈ ਬੁਧ ਸਿੰਘ ਜੀ ਦੇ ਹਥੀਂ ਆਪ ਜੀ ਦੀ ਸੇਵਾ ਵਿਚ ਅਪੜਾਇਆ ਸੀ । ਗੁਰਮਤਿ ਸਿਧਾਂਤ ਵੱਲ ਧਿਆਨ ਦਿਵਾਉਂਣ ਲਈ ਜੋਦੜੀਆਂ ਲਿਖਣ ਉਪ੍ਰੰਤ ਆਪ ਜੀ ਤੋਂ ਪੰਥ ਦੀ ਵਡਮੁੱਲੀ ਸੇਵਾ ਕੀਤੀ ਜਾਣ ਦੀ ਜੋ ਆਸ ਬੱਝੀ ਸੀ ਉਸ ਦਾ ਵੇਰਵਾ ਵੀ ਉਸੇ ਪੱਤਰ ਵਿਚ ਲਿਖਿਆ ਸੀ ।

ਜਿਸ ਪਦਵੀ ਤੇ ਬਿਰਾਜਮਾਨ ਹੋ ਉਸ ਨਾਲ ਸਾਰੇ ਹੀ ਪੰਥ ਦਾ ਸਨੇਹ-ਸਤਕਾਰ ਬੱਝਾ ਹੋਇਆ ਹੈ, ਪਰ ਆਪ ਜੀ ਦੇ ਨਿੱਜੀ ਸ਼ੁਭ-ਗੁਣਾ ਨੇ, ਇਸ ਪਦਵੀ ਪ੍ਰਤੀ ਪੰਥਕ ਜਜ਼ਬੇ ਦੇ ਅਧਾਰ ਬਣੇ ਪਿਆਰ ਸਤਿਕਾਰ ਵਿਚ ਹੋਰ ਵੀ ਵਾਧਾ ਕਰਨਾ ਹੁੰਦ ਹੈ । ਅਤੇ ਇਸ ਸਚਾਈ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਪਦਵੀ ਦੀ ਕਿਸੇ ਪ੍ਰਕਾਰ ਦੀ ਵੀ ਬਦਨਾਮੀ, ਸੁਹਿਰਦ ਗੁਰਸਿੱਖ ਲਈ ਝੱਲਣੀ ਮੁਸ਼ਕਲ ਬਣ ਜਾਂਦੀ ਹੈ । ਪਰ ਜੇ ਪਦਵੀ ਤੇ ਇੱਕ ਸਨੇਹੀ ਗੁਰਮੁਖ ਬਿਰਾਜਮਾਨ ਹੋਵੇ ਤਾਂ ਮਾੜੇ ਮੋਟੇ ਕਿੰਤੂ-ਪ੍ਰੰਤੂ ਵੀ ਅਤੀਅੰਤ ਦੁਖਦਾਈ ਹੋ ਭਾਸਦੇ ਹਨ । ਸਾਰੇ ਭਾਰਤ ਸਮੇਤ, ਪੰਥ ਦੀ ਭਲਾਈ, ਅਥਵਾ ਪੰਥਕ ਚੜ੍ਹਦੀ ਕਲਾ ਦੀ ਲੋਚਨਾ ਰੱਖਣ ਵਾਲੇ ਗੁਰਸਿੱਖ ਕਰੀਬ ਕਰੀਬ ਸਾਰੇ ਵਿਦੇਸ਼ੀ ਦੇਸਾਂ ਵਿਚ ਵੀ ਆਬਾਦ ਹਨ । ਬਹੁਤਿਆਂ ਨੂੰ ਪਤਾ ਹੈ ਕਿ ਦਾਸ " ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਲਿਖ ਰਿਹਾ ਹੈ । ਸੋ ਦਾਸ ਕੋਲੋਂ ਉਚੇਚੀਆਂ ਪੁੱਛਾਂ ਕੀਤੀਆਂ ਜਾਣੀਆਂ ਸੁਭਾਵਕ ਹੀ ਹੈ । ਪਿੱਛਲੇ ਦਿਨੀਂ ਵਾਪਰੀਆਂ ਕੁਝ ਘਟਨਾਵਾਂ ਬਾਰੇ ਅਸੁਖਾਵੀਂ ਚਰਚਾ ਚੱਲ ਰਹੀ ਹੈ । ਜਿਸ ਦਾ ਢੁਕਵਾਂ ਉਤਰ ਦੇ ਸਕਨ ਲਈ ਅਸਲੀਯਤ ਦਾ ਪਤਾ ਹੋਣਾ ਜ਼ਰੂਰੀ ਹੋਣ ਕਰਕੇ ਆਪ ਜੀ ਨੂੰ ਖੇਚਲ ਦੇਣੀ ਪਈ ਹੈ । ਵੇਰਵਾ ਇਸ ਪ੍ਰਕਾਰ ਹੈ:--

੧= ਸਰੀ ਗੁਰੂ ਘਰ ਵਿਚ ਚਲ ਰਹੇ ਵਾਦ-ਵਿਵਾਦ ਦੇ ਸੰਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਬ ਅੰਮ੍ਰਿਤਸਰ ਦੇ ਛਪੇ ਪੈਡ ਤੇ ਆਪ ਜੀ ਦੇ

ਹਸਤਅਖਰਾਂ ਵਾਲੀਆਂ ਤਿੰਨ ਚਿਠਿਆਂ ਜਾਰੀ ਹੋ ਕੇ ਅਖਬਾਰਾਂ ਵਿਚ ਛਪੀਆਂ ਸਨ । ਉਸ ਝਗੜੇ ਦੇ ਸੰਬੰਧ ਵਿਚ ਸਰੀ, ਡੇਲਟਾ, ਅਥਵਾ ਐਬਸਫੋਰਡ ਆਦਿ ਸ਼ਹਿਰਾਂ ਦੇ ਕੁਝ ਗੁਰਸਿੱਖ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਸਨ । ਉਨ੍ਹਾਂ ਨੇ ਵਾਪਸ ਆ ਕੇ ਸੰਗਤਾਂ ਨੂੰ ਦਸਿਆ ਕਿ ਤੁਸਾਂ ਫੁਰਮਾਇਆ ਹੈ ਕਿ ਗੁਰਮੁਖੀ ਅੱਖਰਾਂ ਦੇ **Letter-pad** ਤੇ ਲਿਖੀ ਜਨਵਰੀ ੨੩ ੧੯੯੭ ਵਾਲੀ ਚਿੱਠੀ ਆਪ ਜੀ ਨੇ ਨਹੀਂ ਸੀ ਲਿਖੀ, ਅਤੇ ਕਿਹਾ ਚਿੱਠੀਆਂ ਲਿਖਣ ਸਮੇ ਤੁਸੀ ਸਦਾ ਅੰਗ੍ਰੇਜ਼ੀ ਵਾਲਾ **Letter-pad** ਹੀ ਵਰਤਦੇ ਹੋ। ਇਹ ਸੱਚ ਹੈ ਕਿ ਦਸੰਬਰ ੧੪ ੧੯੯੬ ਅਤੇ ਦਸੰਬਰ ੧੯ ੧੯੯੬ ਵਾਲੀਆਂ ਚਿਠੀਆਂ ਅੰਗ੍ਰੇਜ਼ੀ ਜ਼ਬਾਨ ਵਿਚ ਛਪੇ **Letter-pad** ਤੇ ਹੀ ਸਨ । ਪਰ ਫਿਰ ਵੀ ਬਣ ਚੁੱਕੀ ਚਰਚਾ ਦਾ ਮਸਲਾ ਇਹ ਹੈ ਕਿ--

(ੳ) ਖ਼ਾਸਲਸਾ ਜੀ ਦੇ ਸਰਬ-ਉੱਚ ਦਰਬਾਰ ਸ੍ਰੀ ਅਕਾਲ ਸਾਹਿਬ ਤੋਂ ਜਥੇਦਰ ਸਾਹਿਬ ਦੇ ਦਸਖ਼ਤਾਂ ਵਾਲੀ ਝੂਠੀ ਚਿੱਠੀ ਜਾਰੀ ਹੋ ਜਾਣੀ ਪੰਥਕ-ਬਦਕਿਸਮਤੀ ਹੈ । " ਅਕਾਲ-ਪੁਰਖ ਜੀ ਦੇ ਪਾਵਨ ਨਾਮ ਤੇ ਬਣੇ ਤਖ਼ਤ ਅਥਵਾ ਰੱਬੀ--ਦਰਬਾਰ ਵਿਚੋਂ ਜੇ ਅਜੇਹੇ ਝੂਠੇ ਪੱਤਰ ਜਾਰੀ ਹੋ ਸਕਦੇ ਹਨ ਤਾਂ ਸੰਸਾਰੀ ਰਾਜ-ਦਰਬਾਰਾਂ ਵਿਚੋਂ ਝੂਠ ਦਾ ਹੜ ਵਗ ਤੁਰਨ ਤੇ ਕੀ ਰੋਸ ਹੋ ਸਕਦਾ ਹੈ ? ਅਜੇਹੀ ਗੰਭੀਰ ਹੇਰਾ-ਫੇਰੀ ਨੂੰ ਹਰ ਹਾਲਤ ਵਿਚ ਨੰਗਾ ਕਰਨਾ ਪੰਥਕ ਵਕਾਰ ਦਾ ਮਸਲਾ ਸਮਝਿਆ ਜਾਣਾ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਜੀ ਦਾ ਨਿੱਜੀ ਫ਼ਰਜ਼ ਬਣ ਜਾਣਾ ਚਾਹੀਦਾ ਸੀ । ਜਦ ਕਥਿਤ-ਝੂਠੀ ਚਿੱਠੀ ਅਖ਼ਬਾਰਾਂ ਵਿਚ ਛਪ ਕੇ ਪੰਥਕ ਬਦਨਾਮੀ ਦਾ ਕਾਰਨ ਬਣ ਚੁੱਕੀ ਸੀ ਤਾਂ ਉਸ ਬਾਰੇ ਖੁੱਲ੍ਹੀ ਪੜਤਾਲ ਕਰਕੇ ਫਿਰ ਪੜਤਾਲ ਦੇ ਸਿਟਿਆਂ ਦੀ ਰਿਪੋਰਟ ਅਖ਼ਬਾਰਾਂ ਵਿਚ ਛਪਣੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪਰਮੁੱਖ ਫ਼ਰਜ਼ ਕਿਸ ਕਾਰਨ ਨਾ ਮੰਨਿਆਂ ਗਿਆ ?

(ਅ)ਝੂਠੇ **Letter-pad** ਤੇ ਸ੍ਰੀ ਅਕਾਲਤਖ਼ਤ ਸਾਹਿਬ ਜੀ ਦੇ ਝੂਠੇ (ਜਾਹਲੀ) ਦਸਖ਼ਤਾਂ ਹੇਠ ਚਿੱਠੀ ਲਿਖੀ ਜਾਣੀ ਜੇ ਸੱਚੀ ਘਟਨਾ ਸੀ ਅਤੇ ਜੇ ਨਿੱਜੀ ਤੌਰ ਤੇ ਦੋਸ਼ੀ ਨੂੰ ਨੰਗਾ ਕਰਨਾ ਅਸੰਭਵ ਬਣ ਗਿਆ ਸੀ ਤਾਂ ਪੁਲੀਸ ਕੋਲ ਰਿਪੋਟ ਕਿਸ ਮਜਬੂਰੀ ਕਾਰਨ ਨਹੀਂ ਕੀਤੀ ਗਈ ? ਭਾਰਤੀ ਡੰਡਾਵਲੀ ਨੇ ਅਜੇਹੀ ਹੇਰਾ-ਫੇਰੀ ਨੂੰ ਬੜਾ ਕਰੜਾ ਅਪਰਾਧ ਮੰਨਿਆਂ ਹੈ ਅਤੇ ਇਸ ਅਪਰਾਧ ਦੀ ਪੁੱਛ ਪੜਤਾਲ ਬੜੇ ਉੱਚੇ ਪੱਧਰ ਤੇ ਕਰਵਾ ਕੇ ਦੋਸ਼ੀ ਨੂੰ ਨੰਗਾ ਕਰਕੇ, ਕਰੜੀ ਸਜ਼ਾ ਦਿਵਾਉਂਣੀ ਕਿਸ ਕਾਰਨ ਠੀਕ ਨਾ ਸਮਝੀ ਗਈ ? ਅੱਗੇ ਤੋਂ ਅਜੇਹੀ ਹੇਰਾ ਫੇਰੀ ਹੁੰਦੀ ਰਹਿਣ ਤੇ ਕੀ ਰੋਕ ਹੈ ?

(ੲ) ਜੇ ਹੋਰ ਕੁਝ ਵੀ ਨਹੀਂ ਸੀ ਕੀਤਾ ਜਾ ਸਕਦਾ ਤਾਂ ਘੱਟੋ ਘੱਟ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵਲੋਂ ਅਖ਼ਬਾਰਾਂ ਵਿਚ ਬਿਆਨ ਛਪਣਾ ਚਾਹੀਦਾ ਸੀ ਕਿ ਸੰਗਤਾਂ ਅੱਗੇ ਤੋਂ ਪੰਜਾਬੀ ਵਿਚ ਛਪੇ **Letter-pad** ਤੇ ਉਨ੍ਹਾਂ ਦੇ ਦਸਖ਼ਤਾਂ ਨੂੰ ਸਦਾ ਝੂਠੇ ਜਾਂ ਜਾਅਲੀ ਮੰਨ ਕੇ ਅਜੇਹੀ ਚਿੱਠੀ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿਆ ਕਰਨ । ਅਜੇਹਾ ਕੁਝ ਵੀ ਨਾ ਕੀਤਾ ਜਾਣ ਦੇ ਕਾਰਨ ਆਪ ਜੀ ਦੇ ਬਚਨ ਕਿ ਉਹ ਚਿੱਠੀ ਤੁਸਾਂ ਨਹੀਂ ਸੀ ਲਿਖੀ-ਸ਼ੱਕੀ ਬਣ ਰਹੇ ਹਨ ਜੋ ਹੋਰ ਵੀ ਵੱਧ ਬਦਕਿਸਮਤੀ ਵਾਲੀ ਗੱਲ ਹੈ

੨= ਜਥੇਦਾਰ ਸਾਹਿਬ ਸਿੱਖਦੂਜੀ ਗੱਲ ਜੋ ਸੰਗਤਿ ਵਿਚ ਬੜੀ ਦੰਦ-ਕਥ ਦਾ ਕਾਰਨ ਬਣੀ ਹੋਈ ਹੈ ਉਸ ਤੇ ਯਕੀਨ ਕਰਨਾ ਦਾਸ ਲਈ ਅਸੰਭਵ ਬਣਿਆ ਹੋਇਆ ਹੈ । ਕਈਆਂ ਨੇ ਇਹ ਤਸੱਲੀ ਕਰਉਣ ਲਈ ਕਿ- ਜਥੇਦਾਰ ਸਾਹਿਬ ਨੇ ਗੋਇੰਦਾਲ ਸਾਹਿਬ ਵਿਖੇ ਮੁਰਦਿਆਂ ਦੀ ਸਦਗਤੀ ਵਾਸਤੇ ਅਥਵਾ ਮਿਰਤਕਾਂ ਦੀ ਕਲਿਆਣ ਹਿੱਤ ਉਨ੍ਹਾਂ ਦੇ ਫੁੱਲ (ਹੱਡੀਆਂ) ਜਲਪਰਵਾਹ ਕਰਨ ਲਈ ਬੜੇ ਖੁਲ੍ਹੇ ਖ਼ਰਚ ਨਾਲ ਬਣਵਾਏ ਘਾਟ ਦਾ ਉਦਘਾਟਨ ਕੀਤਾ ਹੈ , ਅਖੇ ਅਜੇਹਾ ਕਰਕੇ ਲੋਕਾਂ ਵਿਚ ਉਹੀ ਉਤਸ਼ਾਹ ਭਰਿਆ ਹੈ ਜੋ ਬ੍ਰਾਹਮਣ ਨੇ ਮਿਰਤਕਾਂ ਦੇ ਫੁੱਲ (ਹਰਿਦਆਰ ਵਿਖੇ) ਗੰਗਾ-ਮੱਯਾ ਵਿਚ ਪ੍ਰਾਵਾਹ ਕਰਨ ਦੀ ਬਿੱਪਰੀ ਰੀਤ ਚਾਲੂ ਕਰਨ ਲਈ ਲੋਕਾਂ ਦੇ ਮਨਾਂ ਵਿਚ ਭਰਿਆ ਸੀ " ਭਾਵੇਂ ਕਈ ਕੁਝ ਦੱਸਿਆ ਗਿਆ, ਪਰ ਦਾਸ ਇਹ ਕਿਵੇਂ ਮੰਨ ਲਵੇ ਕਿ ਸ੍ਰੀ ਅਕਾਲ ਤਖ਼ਤ ਦੀ ਮੋਹਰ ਹੇਠ ਜਾਰੀ ਕੀਤੀ ਗਈ ਪੰਥਕ " ਸਿੱਖ ਰਹਿਤ ਮਰਯਾਦਾ " ਦੀ ਖੰਡਨਾ, ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਜੀ ਵਰਗੇ ਕਰਮ-ਯੋਗੀ ਸੂਰਮੇ ਨੇ ਕੀਤੀ ਹੋਵੇਗੀ ? ਇਹ ਮੰਨਿਆਂ ਹੀ ਨਹੀਂ ਜਾ ਸਕਦਾ ਕਿ ਸ੍ਰੀ ਅਕਾਲਤਖ਼ਤ ਸਾਹਿਬ ਜੀ ਦੇ ਸਨਮਾਨਜੋਗ ਰਹਿਤ ਮਰਯਾਦਾ ਦੇ ੩। " ਮਿਰਤਕ ਸੰਸਕਾਰ "- ਵਿਚਲੇ ਇਹ ਬਚਨ ਭੁੱਲ ਗਏ ਹੋਣਗੇ--"

(ਕ) ਮਿਰਤਕ ਪ੍ਰਾਣੀ ਦਾ " ਅੰਗੀਠਾ " ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ
ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ ।
ਸਸਕਾਰ ਅਸਥਾਨ ਤੇ ਮਰਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ ।

(ਖ) ਅਧ ਮਾਰਗ, ਸਿਆਪਾ, ਫੂਹੜੀ, ਪਿੰਡ, ਕਿਰਿਆ, ਸਰਾਧ, ਬੁਢਾ ਮਰਨਾ ਆਦਿ ਕਰਨਾ ਮਨਮੱਤ ਹੈ । ਅੰਗੀਠੇ
ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ ।

ਨਿਰੀ ਰਹਿਤ ਮਰਯਾਦਾ ਦੀ ਹੀ ਗੱਲ ਨਹੀਂ, ਫਿਰ ਇਹ ਗੱਲ ਵੀ ਮੰਨਣ ਜੋਗ ਨਹੀਂ ਹੈ ਕਿ ਮਿਰਤਕ ਦੇਹ ਬਾਰੇ, ਸਨਮਾਨ ਜੋਗ ਸਿੰਘ ਸਾਹਿਬ ਜੀ, ਹਾਜ਼ਰਾ ਹਜ਼ੂਰ, ਸਰਬ ਕਲਾ ਭਰਪੂਰ ਜੁਗੋ ਜੁਗ ਅਟੱਲ ਆਪਣੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਫ਼ੁਰਮਾਨ ਵੀ ਭਾਲਾ ਬੈਠੇ ਹੋਣਗੇ---

**ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥**
**ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ ॥ ੩ ॥**

ਸਿੰਘ ਸਾਹਿਬ ਜੀ ਨੇ ਸਗੋਂ ਇਸ ਗੁਰਮਤਿ ਸਿਧਾਂਤ ਨੂੰ ਦ੍ਰਿੜ ਕਰਾਉਣ ਦੀ ਜ਼ਿਮੇਵਾਰੀ ਲਈ ਹੋਈ ਹੈ ਕਿ-ਸਾਰੇ ਧਰਮਾਂ ਤੋਂ ਨਿਆਰੇ ਖ਼ਾਲਸਾ ਜੀ ਲਈ ਅਜੇਹੀ ਕੋਈ ਪਾਬੰਦੀ ਨਹੀਂ ਹੈ ਕਿ ਉਹ ਮਿਰਤਕ ਦੇਹ ਨੂੰ ਕਿਸੇ ਖ਼ਾਸ ਵਿਧੀ ਨਾਲ, ਜਾਂ ਕਿਸੇ ਉਚੇਚੇ ਸਮੇਂ ਦੀ ਪਾਬੰਦੀ ਵਿਚ ਰਹਿ ਕੇ, ਪੰਜ ਤੱਤਾਂ ਵਿਚ ਰਲਾਏ । ਅੱਗਨੀ ਵਿਚ ਸਾੜੇ, ਧਰਤੀ ਵਿਚ ਡੂੰਘੀ ਦੱਬ ਦੇਵੇ, ਜਲ ਪ੍ਰਵਾਹ ਕਰੇ, ਹੱਸਣਿ ਪਾ ਦੇਵੇ ਜਾਂ ਹੋਰ ਕੋਈ ਵਿਧੀ ਵਰਤ ਕੇ ਲਾਸ਼ ਪੰਜ ਤੱਤਾਂ ਵਿਚ ਰਲਾ ਦੇਵੇ ਖ਼ਾਲਸਾ ਜੀ ਤੇ ਕੋਈ ਪਾਬੰਦੀ ਨਹੀਂ ਹੈ । ਇਹ ਵੀ ਮੰਨਣ ਜੋਗ ਨਹੀਂ ਹੈ ਕਿ ਆਪ ਜੀ ਨੇੜੇ ਸਤਿਗੁਰਾਂ ਦੇ ਇਸ ਹੁਕਮ ਦੀ ਵੀ ਕੋਈ ਮਹੱਤਤਾ ਨਹੀਂ ਹੈ--

**ਮ: ੩ ॥ ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ <u>ਹਸਣਿ</u> ਪਾਹਿ ॥**
**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥ ੨ ॥[੬੪੮]-ਵਾ-੧੬**

ਹੇ ਮੇਰੇ ਸਤਿਗੁਰੂ ਗ੍ਰੰਥ ਸਾਹਿਬ ਜੀਓ ! ਦਾਸ ਇਹ ਕਿਵੇਂ ਮੰਨ ਲਵੇ ਕਿ ਅੱਜ ਪੰਥ ਦੀ ਬਦਕਿਸਮਤੀ ਪੰਥ ਨੂੰ ਏਡੀ ਨੀਵੀਂ ਖੱਡ ਵਿਚ ਲੈ ਵੜੀ ਹੋਈ ਹੈ ਕਿ ਗੁਰਮਤਿ ਮਰਯਾਦਾ ਦੀ ਰਾਖੀ ਦੇ ਜਿੰਮੇਵਾਰ ਸ੍ਰੀ ਅਕਾਲ-ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਜੀ ਨੇ ਹਰਦੁਆਰ ਵਰਗੇ ਗੁਰਮਤਿ ਵਿਰੋਧੀ " ਹਡੋਰੋੜੇ " ਦਾ ਅਥਵਾ " ਮੁਰਦ-ਘਾਟ " ਦਾ ਉਦਘਾਟਨ ਆਪਣੇ ਹੀ ਕਰਕੰਵਲਾਂ ਨਾਲ ਕੀਤਾ ਹੋਵਗਾ ?

ਹੇ ਪਰਮ ਸਤਿਕਾਰ ਜੋਗ ਜਥੇਦਾਰ ਸਹਿਬ ਜੀਓ ! ਦਾਸ ਨੂੰ ਪੂਰੀ ਆਸ ਹੈ ਕਿ ਆਪ ਜੀ ਇਸ ਪੱਤਰ ਨੂੰ ਪੜ੍ਹਦਿਆਂ ਸਾਰ ਲਿਖ ਭੇਜੋਗੇ ਕਿ ਅਜੇਹੀਆਂ ਸਾਰੀਆਂ ਗੱਲਾਂ ਵੈਰੀਆਂ ਨੇ ਆਪ ਜੀ ਦੇ ਪਾਵਨ ਨਾਮ ਨਾਲ ਮੜ੍ਹੀਆਂ ਹਨ। ਕਿਰਪਾ ਸਹਿਤ, ਅਜੇਹਾ ਕੁਝ ਲਿਖ ਭੇਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਾਵਨ ਨਾਮਣੇ ਤੇ ਪਿਆ ਝੂਠ ਦਾ ਪਰਛਾਵਾਂ ਅਤੇ ਗੁਰਮਤਿ ਵਿਰੋਧੀ ਦੂਸ਼ਣ ਇਉਂ ਅਲੋਪ ਹੋ ਜਾਵੇ ਜਿਵੇਂ ਹਨੇਰੀ ਬੱਦਲਾਂ ਨੂੰ ਉਡਾ ਖੜਦੀ ਹੈ । ਲਿਫ਼ਾਫ਼ੇ ਦੇ ਬਾਹਰ ਨਿੱਜੀ ਅਤੇ ਖ਼ੁਫੀਆ ਅੱਖਰ ਇਸ ਆਸ ਨਾਲ ਲਿਖੇ ਹਨ ਕਿ ਚਿੱਠੀ ਸਿੱਧੀ ਆਪ ਜੀ ਦੇ ਹੱਥਾਂ ਵਿਚ ਪੁੱਜੇ ਅਤੇ ਤੁਸੀ ਛੇਤੀ ਉਤਰ ਭੇਜ ਸਕੋ । ਭੁੱਲ ਚੁੱਕ ਦੀ ਖਿਮਾ-- ਸਤਿਗੁਰਾਂ ਦੇ ਬਚਨਾਂ ਅਨੁਸਾਰ ਜੀਵਨ ਬਨਾਉਣ ਦੀ ਚਿਟਕ ਵਾਲੇ ਗੁਰਮੁਖਾਂ ਦੇ ਚਰਨਾਂ ਦੀ ਧੂੜ

**ਦਾਸ ਗੁਰਬਖ਼ਸ਼ ਸਿੰਘ**

**ਸਨਮਾਨ ਜੋਗ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਜੀਓ,** ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ ॥

ਇਸ ਚਿੱਠੀ ਨੂੰ ਭੇਜਿਆਂ ਅੱਜ ਕਰੀਬ ਢਾਈ ਮਹੀਨੇ ਹੋ ਗਏ ਹਨ ਪਰ ਕੋਈ ਉੱਘ-ਸੁੱਘ ਨਹੀਂ ਨਿਕਲੀ । ਜਿਸ ਦਫ਼ਤਰ ਵਿਚੋਂ ਝੂਠੀ ਚਿੱਠੀ ਜਾਰੀ ਹੋ ਜਾਣ ਦਾ ਦੂਸ਼ਨ ਆਪ ਜੀ ਨੇ ਹੀ ਲਾਇਆ ਹੋਇਆ ਹੈ, ਸ਼ਾਇਦ ਉਸ ਦਫ਼ਤਰ ਵਿਚੋਂ ਦਾਸ ਦੀ ਚਿੱਠੀ ਆਪ ਜੀ ਤੱਕ ਪੁੱਜੀ ਹੀ ਨਾ ਹੋਵੇ ? ਇਸ ਸ਼ੰਕੇ ਦੇ ਕਾਰਨ ਅੱਜ ਮਿਤੀ ਜੁਲਾਈ ੨ ੧੯੯੭ ਨੂੰ ਉਹੀ ਚਿੱਠੀ Fax ਦੁਆਰਾ ਭੇਜ ਰਿਹਾ ਹਾਂ । ਦਾਸ ਦਾ ਪਤਾ (Address) ਵੀ ਬਦਲ ਚੁੱਕਾ ਹੈ ਇਸ ਲਈ ਵੀ ਗੁਸਤਾਖ਼ੀ ਦੋਬਾਰ ਕਰਨੀ ਪਈ ਹੈ ।

ਦਾਸ ਗੁਰਬਖਸ਼ ਸਿੰਘ

New Address--
**11768--73 Ave. Delta .B.C. V4C-1C2 . C A N A D A.**